# ਅੱਖਰ ਦਿਲ ਦਾ ਦਰਪਣ

# ਅੱਖਰ ਦਿਲ ਦਾ ਦਰਪਣ

**ਲੇਖਕ**

ਸੀਮਾ ਗੋਇਲ

**Akhar Dil Da Darpan**

by

**Dr. Seema Goyal**
H No, 77 Shehzada Singh Street
Sri Muktsar Sahib - 152026
Ph. 01633-268726, Mb. 099725-27101

2011
Published by Lokgeet Parkashan
S.C.O. 26-27, Sector 34 A, Chandigarh-160022
India
Ph.0172-5077427, 5077428
Punjabi Bhawan, Ludhiana, 98154-71219
Type Setting & Design PCIS
Printed & bound at Unistar Books (Printing Unit)
11-A, Industrial Area, Phase-2, Chandigarh (India)
98154-71219

*© 2011, Author*
*Produced and bound in India*

*All rights reserved*
*This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any form of binding or cover other than that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means(electronic, mechanical, photocopying, recording or otherwise), without the prior written permission of both the copyright owner and the above-mentioned publisher of this book.*

# ਸਮਰਪਣ

ਗੁਰੂ ਜੀ (ਸ੍ਰੀ ਸ੍ਰੀ ਰਵੀ ਸ਼ੰਕਰ ਜੀ), ਮੇਰੇ ਮਾਤਾ ਪਿਤਾ ਅਤੇ ਇਨਸਾਨ ਅੰਦਰ ਮੌਜੂਦ ਦਿਵਿਆ ਸ਼ਕਤੀਆਂ ਨੂੰ ਸਮਰਪਿਤ ਹੈ।

# ਆਰੰਭ

ਕਵਿਤਾਵਾਂ ਇੱਕ ਵਿਅਕਤੀ ਦੇ ਜੀਵਨ ਦੇ ਕੁਝ ਖਾਸ ਪਲਾਂ ਦਾ ਚਿੱਤਰ ਹੁੰਦੀਆਂ ਹਨ। ਕਾਵਿ ਦਾ ਕੰਮ ਉਸ ਫੋਟੋਗ੍ਰਾਫਰ ਦਾ ਹੁੰਦਾ ਹੈ, ਜੋ ਹੱਸਦੇ, ਦੁਖਦੇ, ਪ੍ਰੇਮ ਪੂਰਕ ਪਲਾਂ ਨੂੰ ਕੈਮਰੇ 'ਚ ਕੈਦ ਕਰ ਸਕਦਾ ਹੈ।

ਇਸ ਕਾਵਿ ਕੈਮਰੇ ਦੀ ਤਕਨੀਕ ਉਸ ਪਰਮਾਤਮਾ ਨੇ ਖੋਜੀ ਹੈ ਜਿਸਦੀ ਮਰਜ਼ੀ ਨਾਲ ਇਨਸਾਨ ਹੱਸਦੇ ਰੋਂਦੇ ਨੇ। ਆਮ ਤੌਰ ਤੇ ਕਈ ਕਵੀ ਆਪਣੇ ਕਾਵਿ-ਗ੍ਰੰਥ ਖੋਲ੍ਹ ਕੇ ਬੈਠਦੇ ਤੇ ਛੋਟੇ ਬੱਚੇ ਵਾਂਗ ਨਿਹਾਰਦੇ ਨੇ। ਉਨਾਂ ਦੇ ਸਾਥੀ ਜਾਂ ਪਾਠਕ ਵੀ ਪੜ੍ਹਦੇ ਨੇ। ਪਰ ਬਹੁਤ ਸਾਰੇ ਕਾਵਿ ਇਕ ਚੂਕ ਕਰਦੇ ਨੇ, ਉਹ ਉਨਾਂ ਕਵਿਤਾਵਾਂ ਜੋ ਫੋਟੋਆਂ ਵਰਗੀਆਂ ਨੇ, ਆਪਣੇ ਵਰਤਮਾਨ ਨਾਲ ਜੋੜਦੇ ਰਹਿੰਦੇ ਨੇ ਤੇ ਅਸਲੀਅਤ ਤੋਂ ਦੂਰ ਜਾਣ ਲਗਦੇ ਨੇ। ਇਸ ਨਾਲ ਉਨ੍ਹਾਂ ਦੀ ਸ਼ਖ਼ਸੀਅਤ ਤੇ ਪ੍ਰਭਾਵ ਪੈਂਦਾ ਹੈ। ਮੈਂ ਵੀ ਅਜੇ ਉਸ ਦੌਰ ਵਿਚੋਂ ਨਿਕਲੀ ਹਾਂ।

ਇਸ ਲਈ ਕਵਿਤਾਵਾਂ ਨੂੰ ਆਪਣੇ ਬਚਪਨ ਜਾਂ ਜਵਾਨੀ ਦੀ ਉਸ ਫੋਟੋ ਦੇ ਰੂਪ ਵਿਚ ਦੇਖੋ, ਜਿਸ ਵਿਚ ਤੁਸੀਂ ਅਲੱਗ- ਅਲੱਗ ਰੰਗ ਦੀ ਕਮੀਜ ਜਾਂ ਕਪੜੇ ਪਾਏ ਸੀ, ਤੁਸੀਂ ਬੈਠੇ ਸੀ ਜਾਂ ਖੜੇ ਸੀ ਇਸ ਕਿਤਾਬ ਵਿਚ ਮੈਂ ਆਪਣੀ 2003-2006 ਦੀਆਂ ਕਾਵਿ ਫੋਟੋਆਂ ਦਾ ਸੰਕਲਨ ਕੀਤਾ ਹੈ, ਜਿਸ ਵਿਚ ਮੈ ਆਪਣੀ ਖੋਜ ਕੀਤੀ , ਆਪਣੇ ਸ਼ਬਦਾਂ ਲਈ ਰੋਈ, ਕਦੇ ਕੁਦਰਤ ਦੇ ਪਲਾਂ ਫੜਿਆ ਤੇ ਕਦੇ ਅੰਦਰ ਝਾਕਿਆ।

# ਤਤਕਰਾ

**'ਮੈਂ'**

1. ਮੈਂ ਰੇਤ ਹਾਂ ।
2. ਮੈਂ ਊਠਣੀ ਹਾਂ ।
3. ਤਿੰਨ ਪਾਣੀਆਂ ਦੀ ।
4. ਮੈਂ ਹਾਂ ਪੁਜਾਰਨ ।
5. ਮੈਂ ਵਕਤਾ ਦੀ ਹਨੇਰ ।
6. ਮੈਂ ਪੀੜ ਹਾਂ ।
7. ਮੈਂ ਫੁੱਲ ਜਿਹਾ
8. ਮੈਂ ਤਾਂ ਅੰਮ੍ਰਿਤਾ ਹੋਈ ।
9. ਕਰ ਸਕਦੀ ਹਾਂ ।
10. ਮੈਂ ਸੋਹਣੀ ਆਤਮਾ
11. ਮੈਂ ਸੂਰਜ ।
12. ਮੈਂ ਬੀਜ ਹਾਂ ।

**ਮੇਰੇ ਕਵਿਤਾ ਮੇਰੇ ਸਬਦ**

1. ਜੰਮੇ ਅੱਥਰੂ ਪਿਘਲ ਗਏ।
2. ਮੇਰੀ ਰੂਹ-ਕਵਿਤਾ।
3. ਮੇਰੀ ਖਾਮੋਸ ਕਵਿਤਾ।
4. ਯਕੀਨ ਮੰਨੋ ।
5. ਕਵਿਤਾ ਦਾ ਇਕ ਨਾਮ।
6. ਹਰ ਮਹਿਫ਼ਲ ।
7. ਸਣਕੀ ਕਵਿਤਾਵਾਂ।
8. ਅੱਖਰ ਦਿਲ ਦਾ ਦਰਪਣ।
9. ਰੁੱਸੇ ਗੀਤ ।

## ਕੁਦਰਤ ਨਾਲ ਇਨਸਾਨ ਦੀ ਕਲਪਨਾ।

1. ਕਾਹਨੂੰ ਰੁੱਸਿਆ ਰਹਿਣਾ ਹੈ।
2. ਇਕ ਸ਼ਖ਼ਸ।
3. ਮੈਨੂੰ ਹੈਰਾਨ ਕਰਦੇ ਨੇ।
4. ਕਹਿੰਦੇ ਨੇ।
5. ਰੇਤ ਹੈ ਤੂੰ।
6. ਬੇਜਾਨ ਰੁੱਤਾਂ ਦਾ ਇੰਤਜ਼ਾਰ।
7. ਬਸੰਤ ਰੋਜ਼ ਆਉਂਦੀ ਹੈ।
8. ਸਵੇਰ ਦਾ ਸੂਰਜ।
9. ਬੇਜਾਨ ਪੱਤੇ ਦੀ ਕਹਾਣੀ।
10. ਪਰ ਉਧਾਰ ਲੈ ਲਏ
11. ਝਰਨੇ ਦੀ ਤਰਾਂ
12 ਨੀ ਰਾਤੇ

## ਅਧਿਆਤਮਿਕ।

1. ਛੱਲਾਂ ਦੀ ਛੋਹ ਤੇ।
2. ਆਪਣੇ ਹੀ ਭੇਸ 'ਚ।
3. ਝਾਂਜਰ ਗੰਢਾ ਦੇ।
4. ਵੇਖੋ ਵਿਸ਼ਨੂੰ ਆਇਆ।
5. ਜੋਗੀ ਆਖੋ।
6. ਮੈਨੂੰ ਖੁਦਾ ਮਿਲਿਆ।
7. ਪਗਡੰਡੀ।
8. ਮਨ ਦੀ ਆਵਾਜ਼।
9. ਇਕਤਾਰਾ ਜੋਗੀ
10. ਤਿੰਨ ਨਕਾਬ

## ਅਤਿਰਿਕਤ।

1. ਕਾਲੀ ਦੀਵਾਰਾਂ।
2. ਪੱਥਰਾਂ ਦੀ ਪਰਿਭਾਸ਼ਾ।
3. ਠੰਡੀਆਂ ਬਰਫਾਂ।
4. ਬਣਾਉਟ ਡਿੱਠਾ।
5. ਦਰਿਆਵਾਂ ਨੂੰ ਜੋੜਨਾ।
6. ਦਰਦਾਂ ਦੀ ਤਲਾਸ਼।
7. ਨਾ ਕੱਟ ਜ਼ੁਲਮੀ।
8. ਚੌਖਟ ਤੇ ਬੈਠਾ ਗਾਂਧੀ।

9 ਪੀਂਘ ਤੇ ਬੈਠੀ ਹੀਰ
10 ਮੋਈਏ ਹੀਰੇ
11 ਮਾਂ ਪਿਓ ਕਹਿੰਦੇ
12 ਨਾ ਨਜ਼ਰ ਲਾਵੀਂ
13 ਬੁਧੀਆ ਦੌੜਦਾ ਰਹਿ
14 ਸੱਤ ਘਰ
15 ਮਿਰਚਾਂ ਤੇ ਮੇਲਾ
16 ਰਾਮ ਤੇ ਕੈਕਈ

## ਪੁਰਾਣੀਆਂ ਤਸਵੀਰਾਂ

1 ਰੰਗਹੀਣ ਦੁਨੀਆ
2 ਤਮੰਨਾ
ਸੰਕਰ ਗੀਤਾ

## ਮੈਂ ਰੇਤ ਹਾਂ

ਮੈਂ ਰੇਤ ਹਾਂ
ਮੈਂ ਰੇਤ ਹਾਂ ਦਰਿਆ ਦੀ
ਜੋ ਪਾਣੀ 'ਚ ਵੀ ਸੁੱਕੀ ਹੈ
ਨਾ ਮੈਂ ਮਿੱਟੀ ਹਾਂ
ਨਾ ਮੈਂ ਖੁਸ਼ਬੂ ਹਾਂ।

ਮੈਂ ਪਾਣੀ ਵਿਚ ਰਹਿੰਦੀ ਹਾਂ
ਮੈਂ ਬਲਦੀ ਰਹਿੰਦੀ ਹਾਂ
ਸੂਰਜ ਦੀ ਅਮਾਨਤ ਹਾਂ
ਧਰਤੀ ਦੀ ਚਾਦਰ ਹਾਂ।
ਪੈਰਾਂ ਵਿਚ ਕੰਡੇ ਨੇ
ਫੁੱਲਾਂ ਤੇ ਚਲਦੀ ਹਾਂ

ਮੇਰੇ ਦਰਦ ਅਧੂਰੇ ਨੇ
ਕਿਉਂ ਮੇਰੇ ਤੋਂ ਗੁੱਸੇ ਨੇ।
ਮੈਂ ਰੇਤ ਹਾਂ ਦਰਿਆਵਾਂ ਦੀ
ਮੇਰੇ ਪੈਰ ਹਾਲੇ ਵੀ ਸੁੱਕੇ ਨੇ

# ਮੈਂ ਊਠਣੀ ਹਾਂ

ਮੈਂ ਊਠਣੀ ਬਾਗਾਂ ਦੀ
ਮੇਰੇ ਪੈਰੀ ਚਿਪਦੀ ਰੇਤ ਵੇ
ਮੈਥੋਂ ਨਾ ਗਰਮੀ ਝੱਲੀ ਜਾਵੇ
ਮੈਨੂੰ ਚੰਗੇ ਲੱਗਣ ਖੇਤ ਵੇ।

ਚੁਣ-ਚੁਣ ਦਾਣੇ ਦਰਦਾਂ ਦੇ
ਮੈਂ ਕੁੱਬ 'ਚ 'ਕੱਠੇ ਕਰਦੀਆਂ
ਪੀੜਾਂ ਮੈਥੋਂ ਸਹੀਆਂ ਨਾ ਜਾਣ
ਮੈਂ ਰੋਜ਼ ਸਵੇਰੇ ਮਰਦੀ ਹਾਂ।

ਮੇਰੇ ਗਮਾਂ ਨੂੰ ਨਾ ਨਜ਼ਰ ਲਾਵੀਂ
ਇਹ ਤਾਂ ਖੇਤਾਂ 'ਚ ਜੋਤੇ ਨੇ
ਬਾਗਾਂ ਬਾਗਾਂ, ਰੂਹਾਂ ਰੂਹਾਂ
ਟਾਹਲੀ ਬਣ ਖਲੋਤੇ ਨੇ।

ਮੈਨੂੰ ਲੈ ਜਾਵੀਂ ਉਸ ਰੇਗਿਸਤਾਨ 'ਚ
ਜਿਥੇ ਵਰਿਆ ਵਰਖਾ ਹੁੰਦੀ ਹੈ ?
ਜਿੰਦਗੀ ਜਿਥੇ ਖੁਸ਼ੀਆਂ ਦੇ ਹੰਝੂਆਂ
'ਚ ਡੁੱਬੀ ਰਹਿੰਦੀ ਹੈ।

## ਮੈਂ ਮੱਛਲੀ ਤਿੰਨੇ ਪਾਣੀਆ ਦੀ

ਲੋਕੀਂ ਕਹਿੰਦੇ ਮੈਨੂੰ ਪਗਲੀ ਨਾਰ
ਉਨ੍ਹਾਂ ਨੂੰ ਚੰਗੀਆਂ ਲੱਗਣ ਬੱਤਖਾਂ
ਰੁੜ੍ਹਦੀਆਂ ਰਹਿੰਦੀਆਂ ਪਾਣੀ ਦੇ ਨਾਲ ਏ।

ਮੈਂ ਤਾਂ ਬਰਫਾਂ 'ਚ ਡੁਬਕੀਆਂ ਮਾਰੀਆਂ ਨੇ
ਜਿਥੇ ਹਰ ਬੂੰਦ ਦਾ ਰੂਪ ਮੋਤੀ ਹੈ
ਹਰ ਮੋਤੀ ਦੇ ਵਿਚ ਇਕ ਯੁਗ ਦੀ ਆਤਮਾ
ਇਤਿਹਾਸ ਬਣ ਕੇ ਖਲੋਤੀ ਹੈ।

ਮੈਂ ਤੇਰਾ ਉਹਨਾਂ ਪਾਣੀਆਂ 'ਚ
ਜਿਸਨੂੰ ਵੇਖ ਹਰ ਰੂਪ ਡੁੱਲ੍ਹ ਜਾਵੇ
ਉਹ ਵਰਤਮਾਨ ਦੇਵ ਬਣ ਕੇ
ਮੇਰੇ ਰਾਸਤੇ ਵਿਚ ਖਲੋ ਜਾਵੇ।

ਤੀਜਾ ਪਾਣੀ ਉਬਲਦਾ ਵਾਂਗ ਹਨੇਰੀਆਂ
ਜਿਸਨੂੰ ਜਿਉਂਦੀ ਮੇਰੀ ਮੌਤ ਹੈ
ਪੰਡਤ ਕਹਿਣ ਇਹਨੂੰ ਭਵਿੱਖ ਮੇਰਾ
ਸਰੀਰ ਦੀ ਮਿੱਟੀ ਤੋਂ ਮੇਰਾ ਦੇਸ ਹੈ।

ਕਿਹੋ ਜਿਹੇ ਨਿਮੋਹੇ ਯਾਰ ਨੇ
ਜਿਹੜੇ ਬਹੇ ਪਾਣੀ ਨਾਲ ਕਰਦੇ ਪਿਆਰ ਨੇ
ਯੁੱਗਾਂ ਤੋਂ ਉਹੀ ਪਾਣੀ ਪੀਂਦੇ ਨੇ
ਸਮੁੰਦਰ ਦੀਆਂ ਲਹਿਰਾਂ ਉਤੇ ਜੀਂਦੇ ਨੇ।

## ਮੈਂ ਹਾਂ ਪੁਜਾਰਨ

ਮੈਂ ਹਾਂ ਪੁਜਾਰਨ ਮਨ ਦੀ
ਮੈਂ ਇਸ ਦੀ ਪੂਜਾ ਕਰਦੀ ਹਾਂ
ਇਹੀ ਰੱਬ ਇਹੀ ਖ਼ੁਦਾ
ਮੈਂ ਇਸਦੇ ਤਰਲੇ ਕਰਦੀ ਹਾਂ।

ਜਪਦੇ ਜਪਦੇ ਇਸਦੀ ਮਾਲਾ
ਮੈਂ ਇਕ ਦਿਨ ਮਨ ਹੋ ਜਾਣਾ ਹੈ
ਮੈਂ ਆਉਣਾ ਹਰ ਜਨਮ 'ਚ
ਇਸਨੇ ਫਿਰ ਕਦ ਆਉਣਾ ਹੈ ।

ਜਦ ਵੀ ਟੁੱਟਦਾ ਹੈ ਮਨ ਮੇਰਾ
ਮੈਂ ਟੋਟੇ ਟੋਟੇ ਹੋਈ ਹਾਂ
ਬਣਦੇ ਦੇਖਾਂ ਸਰੂਪ ਅਨੇਕਾਂ
ਮੈਂ ਸਰਵ-ਵਿਆਪੀ ਹੋਈ ਹਾਂ

## ਮੈਂ ਵਕਤਾਂ ਦੀ ਹਨੇਰ

ਮੈਂ ਵਕਤਾਂ ਦੀ ਹਨੇਰ ਸੀ
ਅੱਜ ਮੈਂ ਕੀ ਕਰ ਗਈ
ਸੂਰਜ ਜੋ ਚੜ੍ਹਿਆ ਤਾਂ ਮੈਂ
ਸਵੇਰ ਬਣ ਗਈ।

ਕਹਿੰਦੇ ਸੀ ਲੋਕੀਂ ਹਨੇਰ ਮੈਨੂੰ
ਕਮਲੀ ਧੁਪ ਫੇਰ ਬਣ ਗਈ
ਰਹਿੰਦੀ ਸੀ ਦੂਰ ਜਿਹੜੀ ਚਾਨਣ ਤੋਂ
ਅੱਜ ਚਿਰਾਗਾਂ ਦੀ ਰੂਹ ਬਣ ਗਈ।

ਸੂਰਜ ਮੰਨਦਾ ਹੈ ਅਹਿਸਾਨ ਮੇਰਾ
ਜਿਹੜਾ ਖੜਾ ਸੀ ਇੱਕ ਥਾਂ ਤੇ
ਦੁਨੀਆ 'ਚ ਫੈਲਣ ਦਾ ਉਸਦੇ
ਇਕ ਜਰੀਆ ਜਿਹਾ ਬਣ ਗਈ।

ਮੈਂ ਕਹਿੰਦੀ ਹਾਂ ਮੈਂ ਚਾਨਣ ਉਸਦਾ
ਜਿਹੜੀ ਅਨੰਤਤਾ ਤੱਕ ਹੋ ਕੇ ਵੀ
ਬੈਠੀ ਹਨੇਰੇ ਵਿਚ,
ਅੱਜ ਚਾਨਣ ਫਿਰ ਹੋ ਗਈ।
ਛੁਪਿਆ ਹੈ ਸੂਰਜ ਦੀ ਰੌਸਨੀ ਤੋਂ
ਮੇਰੇ ਹਨੇਰੇ ਦਾ ਇਕ ਸਰਮਾਇਆ,
ਉਸ ਹਨੇਰੇ ਨਾਲ ਮੇਰਾ ਕੀ ਰਿਸ਼ਤਾ
ਉਹ ਤਾਂ ਹੈ ਮੇਰਾ ਪਰਛਾਵਾਂ

## ਮੈਂ ਪੀੜ ਹਾਂ

ਮੈਂ ਤੇਰੀ ਪੀੜ ਹਾਂ ਸੋਹਣਿਆਂ
ਜਿਸ ਲਈ ਤੂੰ ਕੀਤੀ ਤਪੱਸਿਆ ਹੈ।
ਦੁਖਦਾ ਜਿਹਾ ਹੈ ਸੁਭਾਅ ਮੇਰਾ
ਪੀੜ ਦੇ ਨਾਂ 'ਚ ਹੀ ਰੱਸ ਹੈ।

ਤੂੰ ਸਹਿੰਦਾ ਰਹੀਂ ਹਰ ਦਮ ਮੈਨੂੰ
ਤੈਨੂੰ ਲੱਗੇ ਹਰ ਦੁਆ ਮੇਰੀ,
ਥੱਕ ਜਾਵੇ ਹਰ ਪੀੜ ਮੇਰੀ
ਤੇ ਹੱਸਦੀ ਰਹੇ ਭਗਤੀ ਤੇਰੀ ।

ਮੈਨੂੰ ਵਰ ਦੇਦੇ ਪੀੜਾ ਤੇ ਰਸ ਤੋਂ
ਇੱਕ ਦਿਨ ਅੰਮ੍ਰਿਤ ਬਣਾਵਾਂ ਮੈਂ
ਤੂੰ ਤਾਂ ਉਹ ਖ਼ੁਦਾ ਹੈ ਸੋਹਣਿਆਂ
ਜੋ ਜਖਮਾਂ ਨੂੰ ਬਖਸੇ ਮਾਣਾ।

## ਮੈਂ ਫੁੱਲ ਜਿਹਾ

ਇੱਕ ਕੰਡਾ ਕਹਿੰਦਾ ਹੈ
ਮੈਂ ਜਿਥੇ ਵੀ ਜਾਂਦਾ, ਲੋਕ ਕਹਿੰਦੇ
ਤੂੰ ਫੁੱਲ ਜਿਹਾ ਲਗਦਾ ਹੈਂ
ਫਿਰ ਤੂੰ ਕੰਡਾ ਬਣ ਕੇ ਕਿਉਂ ਰਹਿੰਦਾ ਹੈਂ।

ਮੈਂ ਉਦਾਸ ਹੋ ਜਾਂਦਾ
ਗੁੱਸੇ 'ਚ ਆ ਕੇ ਆਪਣੀ
ਕਠੋਰਤਾ ਨੂੰ ਦੁਹਰਾਉਂਦਾ।
ਇਕ ਦਿਨ ਮੇਰੇ ਬਾਗਬਾਂ ਨੇ
ਮੈਨੂੰ ਸਮਝਾਇਆ ਉਸਦੀਆਂ ਨਜ਼ਰਾਂ 'ਚ
ਮੈਂ ਫੁੱਲਾਂ ਨਾਲੋਂ ਵੀ ਸੋਹਣਾ ਹਾਂ।

ਬਸ ਉਸ ਦਿਨ ਤੋਂ ਆਪਣੇ ਲੋਕ ਤੇ ?
ਪਾਣੀ ਦੀਆਂ ਬੂੰਦਾਂ ਰੱਖਦਾ ਹਾਂ
ਆਪਣੇ ਨਾਲ ਦੇ ਫੁੱਲਾਂ ਤੇ ਕੰਡਿਆਂ ਤੋਂ
ਵੱਖਰਾ ਹੀ ਚਮਕਦਾ ਹਾਂ

## ਮੈਂ ਤਾਂ ਅੰਮ੍ਰਿਤਾ ਹੋਈ

ਬਿਨਾਂ ਅੰਮ੍ਰਿਤ ਪੀਤਿਆਂ
ਬਿਨਾਂ ਦੇਵਤਿਆਂ ਨੂੰ ਜਿੱਤਿਆਂ
ਮੈਂ ਤਾਂ ਅੰਮ੍ਰਿਤਾ ਹੋਈ

ਹੱਥ ਵਿਚ ਅੰਮ੍ਰਿਤ ਪਿਆਲਾ ਫੜਿਆ
ਨਾ ਜਨਮੀ ਨਾ ਮੋਈ
ਫਿਰ ਤੋਂ ਅਮਰ ਹੋਈ
ਮੈਂ ਤਾਂ ਅੰਮ੍ਰਿਤਾ ਹੋਈ।

ਕੁਝ ਬੂੰਦਾਂ ਮੈਂ ਸੱਜੇ ਡੋਲਾਂ
ਕੁਝ ਬੂੰਦਾਂ ਮੈਂ ਖੱਬੇ
ਮੈਂ ਸੁਰਗਾਂ 'ਚ ਜਾ ਖਲੋਈ।
ਮੈਂ ਤਾਂ ਅੰਮ੍ਰਿਤਾ ਹੋਈ

ਕਲਮਾਂ ਵਿਚੋਂ ਸਿਆਹੀ ਡੁੱਲੀ
ਭਰ ਭਰ ਬੁੱਕਾਂ ਅੰਮ੍ਰਿਤ ਪਾਵਾਂ
ਵਿਚ ਮਰਾਸੀਆਂ ਖਲੋਈ।

## ਮੈਂ ਕਰ ਸਕਦੀ ਹਾਂ ਕੁਝ

ਇਹ ਸੋਚ ਹੈ ਸਭ ਦੀ
ਪਰ ਇਕ ਗੱਲ ਨਹੀਂ ਕਰ ਸਕਦੀ

ਜੋ ਮੇਰਾ ਰੱਬ ਕਰਦਾ ਹੈ
ਉਹ ਜਾਦੂਗਰ ਹੈ ਉਮਰਾਂ ਦਾ
ਉਹ ਹਰ ਜਾਦੂ ਕਰ ਸਕਦਾ ਹੈ।

## ਮੈਂ ਸੋਹਣੀ ਆਤਮਾ

ਮੈਂ ਸੋਹਣੀ ਤਾਂ ਆਤਮਾ ਤੇਰੀ
ਕਾਹਨੂੰ ਮੇਰੀ ਕਰੂਪਤਾ ਭਾਲਦੀ ਹੈ
ਮੈਂ ਤਾਂ ਦੁੱਧ ਜਿਹੇ ਰੰਗ ਜਿਹੀ
ਕਾਹਨੂੰ ਕਾਲਖ ਮੰਨਦੀ ਹੈ।

ਮੇਰਾ ਰੂਪ ਨਿਖੜਿਆ-ਨਿਖੜਿਆ ਹੈ
ਮੇਰੀ ਲੋਅ ਦਾ ਅੰਸ ਹੈ ਤੂੰ
ਮੈਂ ਹਾਂ ਜਾਨ ਤੇਰੀ ਤੇਰੀ ਰੂਹ ਹਾਂ ਮੈਂ
ਕਾਹਨੂੰ ਬਾਹਰ ਜਾਂਦੇ ਪਰਮਾਤਮਾ ਭਾਲਦੀ ਹੈ

## ਮੈਂ ਸੂਰਜ ਜਦ ਵੀ ਚੜ੍ਹਾਂ

ਤਾਂ ਹਨੇਰਾ ਨਹੀ ਰਹਿੰਦਾ
ਦੁਨੀਆ ਨੂੰ ਦੇ ਕੇ ਰੌਸ਼ਨੀ ਵੀ
ਮੇਰੇ ਲਈ ਸਵੇਰਾ ਨਹੀਂ ਆਉਂਦਾ।

ਲੱਭਦਾ ਹਾਂ ਕਾਲੀ ਰਾਤ ਦੇ ਦੋ ਪਲ
ਸਕੂਨ ਨਾਲ ਤਾਂ ਸੌਂ ਸਕਾਂ
ਰਾਤ ਦੀ ਕਰਵਟ 'ਚ
ਖ਼ੁਦ ਕਰਵਟਾਂ ਬਦਲਦਾ ਹਾਂ।

ਘੁੰਮਦਾ ਹਾਂ ਇਧਰ ਉਧਰ
ਖ਼ੁਦ ਆਪਣੇ ਉਜਾਲੇ ਤੋਂ ਬਚਦਾ ਹਾਂ
ਸੁੱਕਦੇ ਨੇ ਬੁੱਲ ਮੇਰੇ ਵੀ
ਖ਼ੁਦ ਆਪਣੇ ਉਜਾਲੇ ਤੋਂ ਬਚਦਾ ਹਾਂ।

ਪਾ ਦਿਓ ਮੇਰੇ ਤੇ ਕੁਝ ਬੂੰਦਾਂ
ਮੇਰੀਆਂ ਅੱਖਾਂ ਨੂੰ ਠੰਡਾ ਕਰ ਦਿਉ
ਕਿਉਂ ਆਪਣੀ ਦੁਨੀਆ 'ਚ ਇਕੱਲਾ
ਸੜਦਾ ਰਹਿੰਦਾ ਹਾਂ।

ਦੂਜਿਆਂ ਦੇ ਜੀਵਨ 'ਚ ਭਰਕੇ ਰੌਸ਼ਨੀ
ਆਪਣੇ ਦਿਲ ਦੀ ਰੌਸ਼ਨੀ ਤੋਂ
ਮਹਿਰੂਮ ਰਹਿੰਦਾ ਹਾਂ।

ਦੇਣਾਂ ਹਾਂ ਤਸੱਲੀ ਦਿਲ ਨੂੰ
ਕਿ ਦੁਨੀਆ ਹੈ ਮੇਰੇ ਤੋਂ
ਇਸ ਖ਼ੁਸ਼ੀ 'ਚ ਹਰ ਗ਼ਮ
ਨੂੰ ਭੁੱਲਾ ਦਿੰਦਾ ਹਾਂ।

## ਮੈਂ ਬੀਜ

ਮੈਂ ਬੀਜ ਸਾਂ ਫੁੱਲ ਕਮਲ ਦਾ
ਛੁਪਿਆ ਸੀ ਗਰਭ 'ਚ
ਸਾਲਾਂ ਬੰਦ ਰਿਹਾ ਹਨੇਰੇ 'ਚ
ਮੇਰੇ ਬਦਨ ਇਕ ਖ਼ੁਸ਼ਬੂ ਆਉਂਦੀ

ਮੈਂ ਉਸਨੂੰ ਆਪਣਾ ਖ਼ੁਦਾ ਕਹਿੰਦਾ
ਇਕੱਲਾ ਬੈਠਾ ਹੱਸਦਾ ਰਹਿੰਦਾ
ਅੱਜ ਮਿਲਿਆ ਹੈ ਮੌਕਾ ਮੈਨੂੰ
ਮੈਂ ਬਣਿਆ ਹਾਂ ਫੁੱਲ ਕਮਲ ਦਾ

ਖਿੜਿਆ ਹਾਂ ਕੀ ਜੜ੍ਹ 'ਚ ਵਤਨ ਦੇ
ਮੇਰੇ ਬਦਨ 'ਤੇ ਗੰਦੇ ਛਿੱਟੇ ਪੈਂਦੇ
ਮੈਂ ਉਸਨੂੰ ਆਪਣਾ ਖ਼ੁਦਾ ਕਹਿੰਦਾ
ਦੂਜੇ ਫੁੱਲਾਂ ਨਾਲ ਹੱਸਦਾ ਰਹਿੰਦਾ

## ਜੰਮੇ ਅਥਰੂ ਪਿਘਲ ਗਏ

ਸ਼ਬਦ ਦੀ ਉਡੀਕ 'ਚ ਅੱਜ
ਮੇਰੇ ਜੰਮੇ ਅੱਥਰੂ ਪਿਘਲ ਗਏ
ਸ਼ਬਦਾਂ ਨੂੰ ਮੈਂ ਗੁਆ ਦਿੱਤਾ

ਪੰਨੇ ਸਾੜ ਕੇ ਕੱਜਲ ਬਣਾ ਦਿੱਤਾ।
ਇਹਨਾਂ ਮੋਏ ਹੰਝੂਆਂ ਦੀ ਹਿੰਮਤ ਹੈ
ਚੰਗਾ ਨਹੀਂ ਹੁੰਦਾ ਸ਼ਬਦਾਂ ਨੂੰ
ਇਓਂ ਵਿੱਚ ਰਸਤੇ ਦੇ ਰੋਲ ਦੇਣਾ

ਇਹ ਵੀ ਆਦਮ ਦੇ ਜਾਏ ਨੇ
ਇਹਨਾਂ ਦੀ ਦੁਰਸੀਸ ਨਾ ਲਓ
ਜਿਸ ਦਿਨ ਇਹ ਇੱਕ ਥਾਂ ਬੋਲ ਪਏ
ਉਸ ਦਿਨ ਮੈਂ ਕਹਿਰ ਕਮਾਓਣਾ ਹੈ

## ਮੇਰੀ ਰੂਹ

ਕਵਿਤਾ ਹੀ ਹੈ ਮੇਰੀ ਰੂਹ
ਰੂਹ ਤੋਂ ਬਿਨਾਂ ਅਧੂਰੀ ਹਾਂ
ਅੱਜ ਮੈਨੂੰ ਕਹਿੰਦੇ ਕਵਿਤਾ ਤੂੰ
ਲੋਕੀ ਕਹਿੰਦੇ ਤੂੰ ਪੂਰੀ ਹੈ

ਥੋੜ੍ਹੇ ਦਿਨ ਬੋਲਾਂ ਤੋਂ ਦੂਰ ਰਹੀ
ਸੁੰਨੀ-ਸੁੰਨੀ ਲਗਦੀ ਸਾਂ
ਅੱਜ ਆਪਣੇ ਸ਼ਬਦਾਂ ਨੂੰ ਫਿਰ ਸੁਣਕੇ
ਸੱਤ ਸੁਰ ਆਪਣੇ ਲਗਦੇ ਨੇ

## ਮੇਰੀ ਖਾਮੋਸ਼ ਕਵਿਤਾ

ੳ ਕਵਿਤਾ
ਤੂੰ ਖ਼ਾਮੋਸ਼ ਕਿਉਂ ਹੋ ਗਈ
ਤੂੰ ਜਾਣਦੀ ਹੈਂ ਕਿ ਮੈਨੂੰ ਤੇਰੀ
ਜ਼ੁਬਾਨ ਹੀ ਸਮਝ ਆਉਂਦੀ ਹੈ

ਬਚਪਨ ਦੇ ਦੁੱਖ ਸੁੱਖ ਮੈਂ ਤੇਰੇ
ਨਾਲ ਹੀ ਸਾਂਝੇ ਕੀਤੇ ਨੇ
ਤੂੰ ਹੀ ਮੇਰੀ ਦੋਸਤ ਹੈਂ।
ਤੇ ਤੂੰ ਮੇਰੇ ਨਾਲ ਲੜਦੀ ਹੈ

ੳ ਕਵਿਤਾ ਤੂੰ ਲੜ ਲੜ
ਖ਼ਾਮੋਸ਼ ਕਿਉਂ ਹੋ ਗਈ
ਤੂੰ ਬੋਲ ਉਸੇ ਜੋਸ਼ ਵਿੱਚ
ਜਿਸ ਜੋਸ਼ ਵਿੱਚ ਤੂੰ ਮੈਨੂੰ ਪਾਲਿਆ ਹੈ,

ਮੈਂ ਆਪਣੀ ਕਵਿਤਾ ਨੂੰ ਇਓਂ
ਖ਼ਾਮੋਸ਼ ਨਹੀਂ ਹੋਣ ਦੇਣਾ
ਇਸਦੇ ਇਲਾਵਾ ਹੋਰ ਕਿਸੇ ਦਾ
ਮੈਂ ਨਹੀਂ ਮੰਨਣਾ ਕਹਿਣਾ

## ਯਕੀਨ ਮੰਨੋ

ਵੇਖਣ ਵਾਲੇ ਕਹਿੰਦੇ ਹਨ
ਮੈਂ ਅੱਖਾਂ ਮੀਚ ਲਈਆਂ ਨੇ,
ਸੁਣਨ ਵਾਲੇ ਕਹਿੰਦੇ ਨੇ
ਮੈਂ ਬੋਲਣਾ ਬੰਦ ਕਰ ਦਿੱਤਾ ਹੈ,

ਪਰ ਮੇਰੇ ਰੱਬ ਤੋਂ ਪੁੱਛੋ
ਮੇਰੀ ਆਵਾਜ਼ ਮੈਂ ਹੀ ਸੁਣ ਰਹੀ ਹਾਂ,
ਹਨੇਰੇ ਚੀਰ ਕੇ ਮੈਂ ਆਪਣੀ,
ਆਵਾਜ਼ ਸੁਣ ਰਹੀਂ ਹਾਂ

ਮੇਰੀ ਆਵਾਜ਼ ਵਿੱਚ ਅੱਜ ਵੀ
ਉਹੀ ਕਹਿਕਹਾ ਹੈ,
ਮੇਰੇ ਹਰ ਗੀਤ ਵਿੱਚ ਅੱਜ ਵੀ
ਉਹੀ ਨਸ਼ਾ ਹੈ,

ਬਸ ਬੋਲ ਦੂਜੇ ਨੇ
ਬੋਲੀ ਦੂਜੀ ਹੈ
ਪਰ ਯਕੀਨ ਮੰਨੋ
ਮੈਂ ਅੱਜ ਵੀ ਗੀਤ ਲਿਖਦੀ ਹਾਂ।

## ਕਵਿਤਾ ਦਾ ਇੱਕ ਨਾਮ

ਮੇਰੀ ਹਰ ਕਵਿਤਾ ਦਾ ਇੱਕ ਨਾਮ ਹੁੰਦਾ ਸੀ
ਨਾਮ ਜਿਹੜਾ ਕਿ ਹਰ ਵੇਲੇ ਬਦਨਾਮ ਹੁੰਦਾ ਸੀ
ਬਿਨਾਂ ਸਿਰਨਾਵਿਆਂ ਦੇ ਕਵਿਤਾ ਲਿਖੀ ਕਿਹੜੀ
ਬਿਨਾਂ ਬਦਨਾਮੀਆਂ ਦੇ ਨਾਂ ਨਹੀਂ ਚਲਦੇ

## ਹਰ ਮਹਿਫ਼ਲ

ਹਰ ਮਹਿਫ਼ਲ ਮੈਨੂੰ ਆਪਣੀ ਜਿਹੀ ਲਗਦੀ ਹੈ
ਹਰ ਮੂਰਤ ਮੇਰੇ ਨਾਲ ਗੱਲ ਕਰਦੀ ਹੈ
ਮੈਂ ਦੋਸਤ ਹਾਂ ਹਰ ਮਹਿਫ਼ਲ ਦੀ
ਜਿੱਥੇ ਰੱਬ ਦੀ ਖ਼ੁਸ਼ਬੂ ਵੱਸਦੀ ਹੈ

## ਸਨਕੀ ਕਵਿਤਾਵਾਂ

ਇਨ੍ਹਾਂ ਕਵਿਤਾਵਾਂ ਦੀ ਸਨਕ ਦੇਖੋ
ਘਰ-ਘਰ ਮੇਰੀਆਂ ਸਿਫਾਰਸ਼ਾਂ ਕਰਦੀਆਂ ਨੇ
ਇਹਨਾਂ ਨੂੰ ਦਿਸਦਾ ਨਾ ਮੇਰਾ ਗੁਣ ਕੋਈ
ਪਤਾ ਨਹੀਂ ਆਪਣੇ ਆਪ ਨੂੰ ਕੀ ਸਮਝਦੀਆਂ ਨੇ

ਬੰਦ ਕੀਤੇ ਬਥੇਰੇ ਯਾਰੋ
ਘਰ ਦੇ ਬੂਹੇ ਬਾਰੀਆਂ ਮੈਂ
ਹੁਣ ਜਿੰਦ ਨੂੰ ਕਿੱਥੇ ਬਾਲ ਆਵਾਂ
ਇਹ ਤਾਂ ਬਸ ਆਪਣਾ ਖਿਆਲ ਕਰਦੀਆਂ ਨੇ

ਮੇਰੇ ਅਕਸ ਨੂੰ ਤੋੜ ਤੋੜ ਕੇ
ਮਰਜਾਣੀਆਂ ਨੂੰ ਰੂਪ ਚੜ੍ਹਦਾ ਹੈ
ਇਹਨਾਂ ਦਾ ਜੋਬਨ ਵੇਖ ਵੇਖ
ਮੇਰਾ ਮਨ ਸੜ੍ਹਦਾ ਹੈ।

## ਅੱਖਰ ਦਿਲ ਦਾ ਦਰਪਣ

ਲੋਕੀਂ ਕਹਿੰਦੇ ਨੇ ਅੱਖਰਾਂ ਨੂੰ ਮੇਰੇ
ਆਪਣੇ ਦਿਲ ਦਾ ਦਰਪਣ
ਜਦ ਵੀ ਰੂਬਰੂ ਹੋਵਣ
ਆਪਣਾ ਅਕਸ ਨਿਹਾਰਦੇ ਨੇ,

ਕੋਈ ਚਾਹੁੰਦਾ ਹੈ ਦੇਖਣਾ
ਅਤੀਤ ਆਪਣੇ ਨੂੰ
ਤੇ ਕੋਈ ਆਪਣਾ ਜੋਬਨ
ਨਿਹਾਰਦੇ ਨੇ।

ਮੇਰੇ ਅੱਖਰਾਂ ਦੀ ਚਮਕ ਐਸੀ
ਚੰਨ ਤਾਰੇ ਵੀ ਧਰਤੀ  ਤੇ ਆਂਵਦੇ ਨੇ
ਅੰਬਰਾਂ ਦੇ ਖਿਡਾਰੀ ਖ਼ੁਦ ਆਕੇ
ਮੇਰੇ ਅੱਖਰ ਬਣ ਜਾਂਵਦੇ ਨੇ।

ਮੇਰੇ ਅੱਖਰਾਂ ਦੀ ਜਲਨ ਐਸੀ
ਸਾਰੇ ਦਰਦ ਬਲ ਜਾਂਦੇ ਨੇ
ਨਹੀਂ ਬਣਨਾ ਸੌਖਾ ਦਰਪਣ ਯਾਰੋ
ਬਣਨ ਵਾਲੇ ਇਤਿਹਾਸ ਬਣ ਜਾਂਦੇ ਨੇ

ਮੇਰੇ ਘਰ ਵੀ ਖਿੜਕੀ 'ਚ ਅਕਸਰ
ਲੋਕੀ ਖ਼ਤ ਸੁੱਟ ਜਾਂਦੇ ਨੇ
ਖ਼ਤ ਕੋਰੇ ਕਾਗਜ਼ ਹੁੰਦੇ ਨੇ
ਜੋ ਮੇਰੇ ਅੱਖਰ ਬਣ ਜਾਂਦੇ ਨੇ

## ਰੁੱਸੇ ਗੀਤ

ਅੱਖਾਂ 'ਚ ਹੰਝੂ ਦੇਖੇ ਨੇ
ਅਸਾਂ ਵਿਛੜੇ ਮੀਤਾਂ ਲਈ
ਪਰ ਸਾਡੀ ਜਿੰਦ ਨਿਮਾਣੀ ਰੋਈ
ਰੁੱਸੇ ਗੀਤਾਂ ਲਈ॥

ਅਸਾਂ ਆਸ਼ਕ ਐਸੇ ਹਾਂ
ਜੋ ਗੀਤਾਂ ਦੇ ਕਾਇਲ ਨੇ
ਸਾਡਾ ਮਰਜ਼ ਹੀ ਐਸਾ ਹੈ
ਅਸੀਂ ਰੂਹਾਂ ਦੇ ਸ਼ਾਇਰ ਹਾਂ।।

ਸਾਡੇ ਗੀਤਾਂ 'ਚ ਗੁੱਸਾ ਹੈ
ਪੰਜਾਬਣ ਦਾ ਨੱਖਰਾ ਹੈ
ਗੱਲ-ਗੱਲ ਤੇ ਰੁੱਸ ਜਾਂਦੇ
ਇਨ੍ਹਾਂ ਦਾ ਅੰਦਾਜ਼ ਵੀ ਵੱਖਰਾ ਹੈ।

## ਕਾਹਨੂੰ ਰੁੱਸਿਆ ਰਹਿਣਾ ਹੈ

ਵੇ ਸੂਰਜਾ ਕਾਹਨੂੰ ਤੂੰ,
ਮੇਰੇ ਤੋਂ ਰੁੱਸਿਆ ਰਹਿਣਾ ਹੈ।
ਤੈਨੂੰ ਕਿਉਂ ਲਗਦਾ ਹੈ

ਕਿ ਮੈਂ ਪਿਆਰ ਕਰਦੀ ਹਾਂ ਚੰਨ ਨੂੰ
ਤੂੰ ਕਾਹਨੂੰ ਸੜਿਆ ਸੜਿਆ ਰਹਿਣਾ ਹੈ

ਖ਼ੁਦ ਹੀ ਸੋਚ ਤੇਰੇ ਕੋਲ ਆਕੇ
ਮੈਂ ਸੜਦੀ ਰਹਿਣੀ ਹਾਂ
ਮੈਂ ਜਿੰਦਾ ਰਹਿਣਾ ਚਾਹੁੰਦੀ ਹਾਂ
ਤਾਂ ਕਿ ਦੂਰੋਂ ਹੀ ਤੈਨੂੰ ਮਹਿਸੂਸ ਕਰਦੀ ਰਹਾਂ

ਤੇਰੇ ਮੇਰੇ ਪਿਆਰ ਦੀਆਂ ਗੱਲਾਂ
ਦੁਨੀਆ ਨੂੰ ਦੱਸਦੀ ਰਹਾਂ।
ਮੈਂ ਤੇਰੀ ਹੀ ਧਰਤੀ ਹਾਂ
ਤੇਰੀ ਹੀ ਧਰਤੀ ਹਾਂ।

## ਇੱਕ ਸ਼ਖ਼ਸ

ਆਪਣੇ ਬੂਟਿਆਂ ਨੂੰ ਸਿੰਜਦਾ,
ਜਿਵੇਂ ਉਨ੍ਹਾਂ ਦੀ ਭਾਸ਼ਾ ਨੂੰ ਸਮਝਦਾ,
ਉਨ੍ਹਾਂ ਨਾਲ ਗੱਲਾਂ ਕਰਦਾ,

ਹਰ ਗਰਮ ਸਰਦ ਮੌਸਮ ’ਚ
ਉਨਾਂ ਨਾਲ ਖੜ੍ਹਾ ਰਹਿੰਦਾ,
ਉਸਦੇ ਹੱਥ ’ਚ ਮੇਰੇ ਜਿਹੇ ਕੰਡੇ
ਹਰ ਵਕਤ ਚੁੱਭਦੇ ਰਹਿੰਦੇ

ਫਿਰ ਵੀ ਉਹ ਹੱਸਦਾ ਰਹਿੰਦਾ।
ਕੰਡਿਆਂ ਨੂੰ ਵੀ ਪਿਆਰ ਕਰਦਾ
ਮੋਇਆਂ ਨੂੰ ਆਪਣੇ ਆਪ ਤੇ
ਫਖਰ ਕਰਨ ਦਾ ਮੌਕਾ ਦਿੰਦਾ

ਮੈਂ ਜਾਣਦੀ ਹਾਂ ਇੱਕ ਸ਼ਖ਼ਸ ਨੂੰ
ਜੋ ਬਹੁਤ ਹੀ ਸਿੱਧਾ ਸਾਦਾ ਹੈ
ਜਿਸਦੇ ਸਾਹਮਣੇ ਮਹਾਨ ਜਿਹੇ,
ਸ਼ਬਦ ਬਹੁਤ ਛੋਟੇ ਲਗਦੇ ਨੇ
ਜੋ ਮੈਂ ਵਕਤਾਂ ਤੋਂ ਖੋਏ ਨੇ

## ਮੈਨੂੰ ਹੈਰਾਨ ਕਰਦੇ ਨੇ

ਇਹ ਨਦੀਆਂ, ਇਹ ਝਰਨੇ
ਇਹ ਬਾਰਿਸ਼ਾਂ ਦਾ ਪਾਣੀ
ਸਭ ਮੈਨੂੰ ਹੈਰਾਨ ਪਰੇਸ਼ਾਨ ਕਰਦੇ ਨੇ

ਜ਼ਰੂਰਤ ਹੈ ਇਹਨਾਂ ਦੀ ਮਾਰੂਥਲ ਨੂੰ
ਝਮਲੇ ਸਮੁੰਦਰ ਵੱਲ ਰੁੱਖ ਕਰਦੇ ਨੇ।

ਮੈਂ ਪੱਥਰ ਦੀ ਕਿਸ਼ਤੀ 'ਚ ਬੈਠਾ
ਰਾਹੀਂ ਇਸ ਥਾਂ ਤੋਂ ਇਨ੍ਹਾਂ ਨੂੰ ਤੱਕਦਾ ਹਾਂ।

ਕਦੇ ਪਾਣੀ ਦੀ ਕਿਸਮਤ ਤੇ ਕਦੇ
ਮਾਰੂਥਲ ਦੀ ਕਿਸਮਤ ਤੇ ਹੱਸਦਾ ਹਾਂ

## ਕਹਿੰਦੇ ਨੇ

ਕਹਿੰਦੇ ਨੇ ਕਿਤੇ ਦੂਰ ਪੂਰਬ ਦਿਸ਼ਾ 'ਚ
ਧਰਤੀ ਤੇ ਆਸਮਾਨ ਮਿਲਦੇ ਨੇ।

ਉਥੇ ਗੋਦ 'ਚ ਬੈਠਾ ਸੂਰਜ
ਕਿਲਕਾਰੀਆਂ ਮਾਰਦਾ ਹੈ
ਕਿਰਨਾਂ ਦੀਆਂ ਡੋਰਾਂ ਨਾਲ ਉਹ
ਸਤਰੰਗੀ ਪਤੰਗਾਂ ਚਾੜ੍ਹਦਾ ਹੈ।।

ਹਵਾਵਾਂ ਪੱਖੀਆਂ ਝਲਦੀਆਂ ਨੇ
ਉਸ ਕੁਦਰਤ ਦੇ ਰਾਜਕੁਮਾਰ ਨੂੰ
ਪੰਛੀਆਂ ਦੀ ਟੋਲੀ ਗੀਤ ਗਾਏ
ਅੰਬਰਾਂ ਦੀ ਸਰਕਾਰ ਨੂੰ।।

ਫੁੱਲ ਖਿੱੜਦੇ ਨੇ ਜਿਵੇਂ
ਉਸਨੂੰ ਆਪਣਾ ਜੋਬਨ ਦਿਖਾਉਣ ਲਈ
ਬੱਦਲ ਕਮਲੇ ਫੁਹਾਰ ਪਾਉਣ
ਉਸਦੀ ਪਲਕਾਂ 'ਚ ਬੂੰਦਾਂ ਪਾਉਣ ਲਈ,

## ਰੇਤ ਹੈ ਤੂੰ

ਰੇਗਿਸਤਾਨ ਦੀ ਧੀਏ
ਤੂੰ ਪਾਣੀ ਦੀ ਪਿਆਸੀ
ਕਿਸ ਮਿੱਟੀ ਦੀ ਜਾਈ
ਰੇਤ ਹੈ ਤੂੰ।

ਬੱਦਲਾਂ ਦੀ ਉਡੀਕ 'ਚ
ਤੱਪਦੀ ਰਹਿੰਦੀ
ਕੁਝ ਗਿਣਤੀ ਦੀਆਂ ਬੂੰਦਾਂ
ਨੂੰ ਇਕੱਠਾ ਕਰਦੀ।

ਤੂੰ ਧੀ ਹੈਂ ਰੇਗਿਸਤਾਨ ਦੀ
ਪਾਣੀ ਤੋਂ ਸੱਖਣੀ ਕੁੱਖ ਤੇਰੀ
ਮਾਰੂਥਲ 'ਚ ਬੂਟੇ ਭਾਲਦੀ ਤੂੰ
ਰੇਤ ਹੈ ਤੂੰ, ਰੇਤ ਹੈ ਤੂੰ

## ਬੇਜਾਨ ਰੁੱਤਾਂ ਦੀ ਇੰਤਜ਼ਾਰ

ਬੇਜਾਨ ਰੁੱਤਾਂ ਦੀ ਇੰਤਜ਼ਾਰ ਸੀ ਮੈਨੂੰ
ਸੋਚਿਆ ਸੀ ਹੱਥ ਫੈਲਾਕੇ
ਸੁਆਗਤ ਕਰਾਂਗਾ
ਪਰ ਕੀ ਪਤਾ ਸੀ,
ਬੇਜਾਨ ਰੁੱਤਾਂ 'ਚ ਵੀ
ਸਾਉਣ ਦੀ ਹੋਂਦ ਪਰਗਟ ਹੁੰਦੀ ਹੈ

ਮੈਂ ਫੁੱਲਾਂ ਤੋਂ ਦੂਰ ਭੱਜ ਕੇ
ਕੰਡਿਆਂ ਦੀ ਭਾਲ ਕੀਤੀ

ਪਰ ਕੀ ਪਤਾ ਸੀ ਮੈਨੂੰ
ਕੰਡਿਆਂ ਦੀ ਹੋਂਦ ਫੁੱਲਾਂ ਨੂੰ
ਬਚਾਉਣ ਲਈ ਹੀ ਹੈ।

## ਬਸੰਤ ਰੋਜ਼ ਆਉਂਦੀ ਹੈ

ਕੀ ਕਰਾਂ ਬਸੰਤ ਮੇਰੇ ਦਰਵਾਜ਼ੇ
ਤੇ ਰੋਜ਼ ਆਉਂਦੀ ਹੈ।
ਦਰਵਾਜ਼ਾ ਬੰਦ ਦੇਖ ਕੇ
ਮੁੜ ਜਾਂਦੀ ਹੈ।

ਫੁੱਲ ਟੁੱਟੇ ਬੇਜਾਨ ਪੱਤਿਆਂ
ਨਾਲ ਢੱਕੇ ਜਾਂਦੇ ਨੇ।
ਮੇਰੀਆਂ ਨਿਗਾਹਾਂ ਬਸੰਤ ਦੇ
ਜਾਇਆਂ ਨੂੰ ਤਲਾਸ਼ਦੀਆਂ ਨੇ

ਮੈਂ ਥੜੀਆਂ ਤੇ ਪਏ ਫੁੱਲਾਂ
ਨੂੰ ਇਕੱਠਾ ਕਰਦੀ ਹਾਂ।
ਤੇਜ਼ ਹਵਾਵਾਂ ਬਹਾਰਾਂ ਦਾ ਇਸ਼ਾਰਾ
ਕਰਦੀਆਂ ਹਨ

ਮੈਂ ਹਵਾਵਾਂ ਦਾ ਸੁਆਗਤ
ਦਿਲੋਂ ਜਾਨ ਨਾਲ ਕਰਦੀ ਹਾਂ
ਮੈਂ ਫਿਰ ਤੋਂ ਬਸੰਤ ਦਾ
ਇੰਤਜ਼ਾਰ ਕਰਦੀ ਹਾਂ।

## ਸਵੇਰ ਦਾ ਸੂਰਜ

ਅੱਜ ਸਵੇਰੇ ਸੂਰਜ ਚੜ੍ਹਿਆ
ਹੱਸਦਾ ਜਿਹਾ ਮੇਰੇ ਜਿਹਾ ਲੱਗਦਾ ਸੀ

ਮੈਨੂੰ ਸ਼ੀਸ਼ੇ ਜਿਹਾ ਲੱਗਿਆ
ਪਰ ਸੱਚ ਹੋਇਆ ਸਪਨਾ ਸੀ।

ਕੀ ਮੈਂ ਸੂਰਜ ਤੋਂ ਘੱਟ ਹਾਂ
ਮੇਰੇ 'ਚ ਵੀ ਸੂਰਜ ਜਿਹਾ ਦਮ ਹੈ।।

## ਬੇਜਾਨ ਪੱਤੇ ਦੀ ਕਹਾਣੀ

ਇੱਕ ਪੱਤਾ ਹਵਾ ਦੇ ਜੁਲਮ ਨੂੰ ਸਹਿੰਦਾ
ਪੱਥਰਾਂ ਸੜਕਾਂ 'ਤੇ ਡਿੱਗਿਆ ਰਹਿੰਦਾ
ਆਪਣੇ ਰੁੱਖ ਨੂੰ ਅਲਵਿਦਾ ਕਹਿਕੇ
ਦੂਜੇ ਬੇਜਾਨ ਪੱਤਿਆਂ 'ਚ ਜਾ ਮਿਲਿਆ

ਉਹ ਖਾਮੋਸ਼ ਸੀ, ਉਦਾਸ ਸੀ
ਸਾਥੀਆਂ ਤੋਂ ਦੂਰ ਜਾਣ ਦਾ ਦੁੱਖ ਸੀ
ਪਰ ਉਸਦੇ ਆ ਜਾਣ ਤੋਂ ਹੋਣ
ਵਾਲੇ ਮਿੱਟੀ ਦੇ ਵਾਧੇ ਤੋਂ ਧਰਤੀ ਖ਼ੁਸ਼ ਸੀ।

## ਪਰ ਉਧਾਰ ਲੈ ਲਏ

ਆਕਾਸ਼ 'ਚ ਉਡਾਰੀ ਲਾਈ ਮੈਂ
ਇੱਕ ਦਿਨ ਪੰਛੀਆਂ ਤੋਂ ਪਰ ਉਧਾਰ ਲਏ
ਬਦਲੇ 'ਚ ਮੈਂ ਉਨ੍ਹਾਂ ਨੂੰ
ਰੁੱਖਾਂ ਦੀਆਂ ਛਾਵਾਂ ਦਿੱਤੀਆਂ

ਬੱਦਲਾਂ ਨੂੰ ਵੀ ਨਿਮੋਨਾ ਜਿਹਾ ਕਰ ਦਿੱਤਾ ਸੀ ਮੈਂ
ਬੜੀਆਂ ਠੰਡੀਆਂ ਹਵਾਵਾਂ ਦਾ ਝੋਕਾ ਸੀ
ਮੈਂ ਉਸ ਦਿਨ ਸੂਰਜ ਨਾਲ ਵੀ
ਗੱਲਾਂ ਕੀਤੀਆਂ ਸਨ

ਆਕਾਸ਼ 'ਚ ਉੱਡਣ ਲਈ
ਮੈਂ ਇੱਕ ਦਿਨ ਪਰ ਉਧਾਰ ਲਏ ।

## ਝਰਨੇ ਦੀ ਤਰ੍ਹਾਂ

ਹੰਝੂ ਵਹਿੰਦੇ ਹਨ ਝਰਨੇ ਦੀ ਤਰ੍ਹਾਂ
ਪਰ ਉਨਾਂ ਦੀ ਕੋਈ ਦਿਸ਼ਾ ਨਹੀਂ
ਨਾ ਤਾਂ ਉਹ ਨਦੀ ’ਚ ਮਿਲਦੇ ਨੇ
ਤੇ ਨਾ ਹੀ ਸਿੱਪ ’ਚ ਡਿੱਗ ਕੇ ਮੋਤੀ ਬਣਦੇ ਨੇ

ਬਸ ਉਹ ਆਪਣੀ ਮੌਜ ’ਚ ਰਹਿੰਦੇ ਨੇ
ਇਹ ਖੁਸ਼ੀ ਤੇ ਗਮ ਦੀ ਪਰਿਭਾਸ਼ਾ
ਸਮਝਾਉਣ ਵਾਲੇ ਕੌਣ ਨੇ ਮੇਰੇ
ਸਰੀਰ ਦਾ ਹਿੱਸਾ, ਜੋ ਅੱਖਾਂ ’ਚ ਲਿਸ਼ਕਦਾ ਹੈ

ਮੇਰੀ ਅੱਖਾਂ ਨੂੰ ਰੁਸਨਾਉਂਦਾ ਹੈ
ਹੰਝੂ ਵਹਿੰਦੇ ਨੇ ਝਰਨੇ ਦੀ ਤਰ੍ਹਾਂ
ਪਰ ਇਹਨਾਂ ਦੀ ਕੋਈ ਦਿਸ਼ਾ ਨਹੀਂ।

## ਨੀ ਰਾਤੇ

ਨੀ ਰਾਤੇ ਤੂੰ ਸੌਂ
ਕੱਲ੍ਹ ਦਿਨ ਚੜ੍ਹ ਜਾਣਾ ਹੈ।
ਆ ਦੇਵਾਂ ਤੈਨੂੰ ਲੋਰੀਆਂ
ਮੈਂ ਵੀ ਮੁੱਲ ਚੁਕਾਣਾ ਹੈ।

ਗੋਦੀ ਦੇ ਵਿਚ ਸਿਰ ਰਖ ਕੇ ਤੇਰੀ
ਸੁੱਤੀ ਰਹੀ ਸੀ ਵਿਚ ਸਾਲਾਂ
ਅੱਜ ਮੈਨੂੰ ਤੂੰ ਜੱਗ ਲੈਣ ਦੇ
ਮੈਂ ਨੀਂਦਰਾਂ ਨੂੰ ਟਾਲਾਂ।

ਆ ਜਾ ਤੇਰੇ ਮੱਥੇ ਤੇ ਅੜੀਏ
ਸੁਪਨੇ ਦੀਆਂ ਫੂਕਾਂ ਮਾਰਾਂ
ਤੇਰੀ ਚਾਦਰ ਅੰਬਰਾਂ ਲਈ
ਆਪਣੇ ਪਰਛਾਵੇਂ ਵਾਰਾਂ।

ਆਪਣੀ ਹਥੇਲੀ ਦਾ ਗੰਗਾਜਲ
ਤੇਰੀ ਰੂਹਾਂ ਨਾਲ ਮਿਲਾਵਾਂ
ਕਦੀ ਤੂੰ ਜਾਗੇਂ ਤਦ ਮੈਂ ਸੌਂਵਾਂ
ਅਸੀਂ ਹੀ ਧੀਆਂ, ਅਸੀਂ ਹੀ ਮਾਵਾਂ

## ਛੱਲਾਂ ਦੀ ਛੋਹ ਤੋਂ

ਸਮੰਦਰ ਦੀਆਂ ਛੱਲਾਂ ਦੀ ਛੋਹ ਤੋਂ
ਮੈਨੂੰ ਕੀ ਸੁੱਝਿਆ।
ਮੈਂ ਹੱਥ ਦਾ ਕਾਸਾ ਬਣਾ ਕੇ
ਕੁਝ ਪਾਣੀ ਲੈ ਆਇਆ।

ਕਿੱਤੇ ਦੂਰ ਆਪਣੇ ਦੇਸ਼ ਦੀ ਮਾਰੂਥਲ ਦੀ
ਤਪਦੀ ਅੱਗ ਬੁਝਾਉਣ ਲਈ,
ਮੈਂ ਕਮਲਾ ਪਾਣੀ ਦੀ
ਬੁੱਕਲ ਭਰ ਲਿਆਇਆ,

ਮਾਰੂਥਲ ਮੈਨੂੰ ਵੱਡਾ ਜਾਪਿਆ
ਮੈਂ ਕੁਝ ਬੂੰਦਾਂ ਸੂਰਜ ਵੱਲ
ਉਛਾਲ ਦਿੱਤੀਆਂ
ਉਹ ਗਰਮ ਰੇਤ ਦੀ ਬੁੱਕਲ
ਵਿੱਚ ਜਾ ਲੁਕੀਆਂ,

ਕੁਦਰਤ ਮੇਰੀ ਨਦਾਨੀ ’ਤੇ
ਹੱਸ ਪਈ ਤੇ ਮੇਰੇ ਮਾਰੂਥਲ ’ਚ
ਪਾਣੀ ਦੀ ਬੂੰਦ ਬਣ ਵਰ੍ਹ ਪਈ

ਮੈਨੂੰ ਵੀ ਖੁਸ਼ੀ ਹੋਈ
ਚਲ ਕੁਦਰਤ ਦੇ ਦਿਲ ਦੀ ਅੱਗ
ਨੂੰ ਤਾਂ ਠੰਡਾ ਕਰ ਸਕਿਆ

## ਆਪਣੇ ਹੀ ਭੇਸ 'ਚ

ਮੰਜ਼ਿਲ ਤੇ ਖੜ੍ਹੇ ਹਾਂ
ਸਫਰ ਵੀ ਰਸਤਿਆਂ ਨੂੰ ਲੱਭਦੇ ਹਾਂ
ਕਿਹੋ ਜਿਹੇ ਅਜਨਬੀ ਹੋ ਗਏ ਹਾਂ

ਆਪਦੇ ਹੀ ਦੇਸ 'ਚ
ਲੱਭਦੇ ਹਾਂ ਜਿਸਨੂੰ ਅਸਮਾਨਾਂ 'ਚ
ਲੁਕਿਆ ਬੈਠਾ ਹੈ
ਮੇਰੇ ਆਪਣੇ ਹੀ ਭੇਸ 'ਚ

## ਝਾਂਜਰਾਂ ਗੰਢਾ ਦੇ ਭਾਬੀਏ ਨੀ

ਮੈਨੂੰ ਝਾਂਜਰਾਂ ਗੰਢਾ ਦੇ
ਚੰਦੜੀ ਨੂੰ ਮੋਰੀ-ਪੰਖ ਸਜਾਵਾਂ।

ਜੇ ਮੈਂ ਹੁੰਦੀ ਮਾਲਣ ਅੜੀਏ
ਘਰ-ਘਰ ਝਾਂਜਰ-ਬੂਟਾ ਲਾਵਾਂ।

ਝਾਂਜਰ ਵਿੱਚ ਕਿਤਾਬਾਂ ਮੇਰੀ
ਸ਼ਿਵ, ਅੰਮ੍ਰਿਤਾ ਬਣਦੀ।

ਜੇ ਮੈਂ ਹੁੰਦੀ ਗਾਂਧੀ ਅੜੀਏ
ਮੋਇਆਂ ਨੂੰ ਝਾਂਜਰ ਵੰਡਦੀ

ਇੱਕ ਪੈਰੀਂ ਮੈਂ ਪਾਵਾਂ ਝਾਂਜਰ
ਦੂਜੇ ਨੂੰ ਸਹਿਲਾਉਂਦੀ।

ਦੂਜੀ ਝਾਂਜਰ ਜਿੰਦ ਤੋਂ ਪਿਆਰੀ
ਮੱਥੇ 'ਚ ਗਡਵਾਂਈ

## ਵੇਖੋ ਵਿਸ਼ਨੂੰ ਆਇਆ

ਵੇਖੋ ਵਿਸ਼ਨੂੰ ਆਇਆ
ਪੈਰਾਂ 'ਚ ਦੋ ਲਕੀਰਾਂ
ਜੋੜ ਲਿਆਇਆ

ਇੱਕ ਸੁਰਗਾਂ ਨੂੰ
ਇੱਕ ਨਰਕਾਂ ਨੂੰ ਜਾਂਦੀ
ਲੋਕੀਂ ਹੱਥੀਂ ਪਾਇਆ।

ਸਾਰੇ ਕਬੀਰ ਅੱਜ
'ਕੱਠੇ ਹੋਏ
ਉਹਨਾਂ ਵੱਡਾ ਤੰਬੂ ਲਾਇਆ

ਨਾ ਇਹ ਸੰਤ
'ਤੇ ਨਾ ਇਹ ਜੋਗੀ
ਕਿਹੋ ਜਿਹਾ ਰੂਪ ਬਣਾਇਆ

ਵਿਸ਼ਨੂੰ ਕਹਿੰਦਾ ਮੈਂ ਲਿਖਿਆ
ਤੂੰ ਸੀ ਧਰਤੀ ਦਾ ਜਾਇਆ
ਵੇਖੋ ਵਿਸ਼ਨੂੰ ਆਇਆ–ਆਇਆ

## ਜੋਗੀ ਆਖੋ

ਯਾਰੋ ਸਾਨੂੰ ਜੋਗੀ ਆਖੋ
ਅਸੀਂ ਆਏ ਹਾਂ ਸੁਰਗ ਦੇਸ ਤੋਂ
ਸਾਡੇ ਕੋਲ ਕੋਈ ਗਮ ਨਹੀਂ
ਸਾਨੂੰ ਦੇਦੇ ਆਪਣੇ ਪਾਸੋਂ।

ਸਾਡੇ ਸੁਰਗ 'ਚ ਦੇਵਤੇ
ਅਪਸਰਾਵਾਂ ਤੇ ਨਵਾਬ ਨੇ
ਪਰ ਸੱਚ ਮੰਨੋਂ ਯਾਰੋ ਹਰ ਇੱਕ ਨੂੰ
ਤੁਹਾਡੇ ਨਰਕ ਦੀ ਤਲਾਸ਼ ਹੈ।

ਅਸੀ ਤੁਹਾਡੇ ਦੇਸ਼ ਦੀ ਮਿੱਟੀ
ਸਵਰਗ 'ਚ ਵਿਛਾਵਾਂਗੇ
ਹਰ ਗਲੀ 'ਚ ਹਰ ਨੁੱਕਰ ਤੇ
ਇੱਕ ਛੋਟਾ ਜਿਹਾ ਨਰਕ ਬਣਾਵਾਂਗੇ

ਅਸੀਂ ਬਥੇਰੇ ਪੁੰਨ ਕੀਤੇ
ਸਾਡੇ ਪਾਪ ਘੱਟ ਗਏ
ਅਸੀ ਬੰਨ੍ਹੇ ਰਹੇ ਪੂਜਾ ਦੇ ਪੱਥਰ
ਤੁਸਾਂ ਸਾਡੇ ਪੁੰਨਾਂ ਦੇ ਫੱਲ ਲਿੱਤੇ ਨੇ।

## ਮੈਨੂੰ ਖ਼ੁਦਾ ਮਿਲਿਆ

ਖ਼ੁਦੀ ਦੇ ਰਸਤੇ ਤੇ ਚਲਦੇ-ਚਲਦੇ
ਮੈਨੂੰ ਖ਼ੁਦਾ ਮਿਲਿਆ
ਉਸ ਪਹਿਲਾਂ ਆਪਣੀ ਖ਼ਬਰ ਗਵਾਈ
ਫਿਰ ਮਿੱਟੀ 'ਚ ਜਾ ਮਿਲਿਆ

ਮੈਂ ਸਾਲਾਂ ਬੈਠੀ ਉਸ ਖ਼ਬਰ ਤੇ
ਰੋਂਦੀ ਰਹੀ, ਹੰਝੂ ਵਹਾਉਂਦੀ ਰਹੀ
ਵਕਤ ਦੇ ਗੁਲਾਮਾਂ ਤੋਂ
ਆਪਣੀ ਕਬਰ ਖੁਦਵਾਉਂਦੀ ਰਹੀ

ਖ਼ੁਦੀ ਦੇ ਰਸਤੇ ਤੋਂ ਇੱਕ ਨਵਾਂ
ਕਾਰਵਾਂ ਮਿਲਿਆ
ਹੁਣ ਮੈਂ ਕਬਰ ਵਿੱਚ ਸੀ
ਮੇਰੇ ਲਈ ਹਰ ਸ਼ਖ਼ਸ ਰੋਇਆ

ਉਹ ਰਸਤੇ ਦਾ ਮੋੜ ਐਸਾ ਸੀ
ਜਿਸਦੇ ਅੱਗੇ ਕਬਰਾਂ ਹੀ ਕਬਰਾਂ ਸੀ
ਮੈਂ ਤਾਂ ਰੋਂਦੀ ਹੀ ਰਹਿ ਗਈ
ਹਰ ਕਬਰ 'ਚ ਮੇਰਾ ਖ਼ੁਦਾ ਸੀ

ਅਸਾਂ ਖ਼ੁਦਾਵਾਂ ਨੇ ਇਨਸਾਨ
ਲਈ ਕਬਰਾਂ ਦਾ ਰਸਤਾ ਬਣਾਇਆ
ਹਰ ਸ਼ਖ਼ਸ ਕਬਰ 'ਚ ਸੁੱਤਾ
ਨਾ ਆਪਣੀ ਕੀਮਤ ਜਾਣ ਪਾਇਆ

ਇੱਕ ਇਨਸਾਨ 'ਚ ਇੰਨੀ ਹਿੰਮਤ ਸੀ
ਮੇਰੀ ਕਬਰ ਉੱਤੇ ਜਾ ਚੜ੍ਹਿਆ
ਮੈਨੂੰ ਖੁਸ਼ੀ ਹੋਈ
ਮੈਂ ਉਸਦੇ ਖੰਜਰ ਖੋਭ ਦਿੱਤਾ

ਉਹ ਕਬਰਾਂ ਤੇ ਦੌੜਦਾ ਰਿਹਾ
ਆਖਰੀ ਕਬਰ 'ਚ ਜਾ ਡਿਗਿਆ
ਉਸਦੇ ਹੱਡਾਂ ਨਾਲ ਜੁੜੇ
ਖੰਜਰ ਹੀ ਖੰਜਰ ਸਨ

ਮੈਨੂੰ ਇਸ ਪਾਰੋਂ ਲਗਿਆ
ਉਹ ਹੀ ਪਹਿਲਾ ਖ਼ੁਦਾ ਸੀ
ਉਸਨੂੰ ਉਸ ਪਾਰੋਂ ਲਗਿਆ
ਮੈਂ ਹੀ ਪਹਿਲਾ ਖ਼ੁਦਾ ਸੀ

## ਪਗਡੰਡੀ

ਤੇਰੀਆਂ ਪਗਡੰਡੀਆਂ ਦੀ ਧੂੜ
ਮੇਰਿਆਂ ਰਾਹਾਂ 'ਚ ਆਉਂਦੀ ਰਹੀ
ਮੈਂ 'ਕੱਠੀ ਕਰਦੀ ਗਈ
ਆਪਣੀਆਂ ਪਗਡੰਡੀਆਂ ਬਣਾਉਂਦੀ ਰਹੀ

ਸਾਡੇ ਪਿੰਡ 'ਚ ਨਾ ਉੱਗੇ ਫੁੱਲ ਕੋਈ
ਰਸਤੇ ਤੇ ਕੰਡੇ ਵਿਛਾਉਂਦੀ ਰਹੀ
ਮੈਂ ਚੁੱਭ ਜਾਣੀ ਜਿਹੀ
ਕੰਡਾ-ਪਗਡੰਡੀ ਬਣਾਉਂਦੀ ਰਹੀ

ਮੰਜ਼ਿਲ ਵੀ ਆਈ ਸੀ
ਮੈਂ ਨਾ ਰੁਕੀ ਨਾ ਵੇਖਿਆ
ਤੇਰੀ ਸੋਚ ਦੀ ਪਗਡੰਡੀ
'ਚ ਆਪਣੀ ਸੋਚ ਮਿਲਾਉਂਦੀ ਰਹੀ

ਅੱਜ ਮੇਰੀ ਪਗਡੰਡੀ ਤੇ ਚਲਦੀ
ਕਬੀਰਾਂ ਦੀ ਟੋਲੀ, ਫਕੀਰਾਂ ਦੀ ਟੋਲੀ
ਮੈਂ ਤਾਂ ਵਿਰਾਨਿਆਂ 'ਚ ਵੀ
ਪੱਕੇ ਰਾਹ ਪਾਉਂਦੀ ਰਹੀ

## ਮਨ ਦੀ ਆਵਾਜ਼

ਇੱਕ ਦਿਨ ਮੈਂ ਮਨ ਦੀ ਆਵਾਜ਼ ਸੁਣੀ
ਸੁਣਦੇ ਹੀ ਰੌਲਾ ਪਾ ਦਿੱਤਾ।
ਦੁਨੀਆ ਵੀ ਇਕੱਠੀ ਹੋਈ ਸੀ।
ਫਿਰ ਮੈਂ ਹਾਸੇ 'ਚ ਪਾ ਦਿੱਤਾ

ਮੈਂ ਕਿਓਂ ਆਪਣੇ ਮਨ ਦੀ
ਆਵਾਜ਼ ਸੁਣ ਕੇ ਰੋਲ ਲਈ
ਇਹ ਤਾਂ ਕੁਦਰਤ ਦਾ ਤੋਹਫਾ ਸੀ
ਮੇਰੇ ਦਿਲ 'ਚ ਰੱਖਣ ਲਈ

## ਇੱਕ ਤਾਰਾ ਜੋਗੀ

ਓ ਇੱਕ ਤਾਰੇ ਵਾਲੇ ਜੋਗੀਆ
ਤੇਰਾ ਰੂਪ ਸਮਝ ਨਾ ਆਇਆ

ਵਿਚ ਸ਼ਮਸ਼ਾਨਾਂ ਨੂੰ ਰੁਕਿਆਂ
ਤੂੰ ਰੋਇਆਂ ਨੂੰ ਹਸਾਇਆ
ਦੁਨੀਆ ਦੀ ਭੀੜ  ਚ ਤੇਰੇ
ਇਕੱਲੇਪਨ ਨੂੰ ਨਾ ਕੋਈ ਛੋਹ ਪਾਇਆ

ਤੂੰ ਹੀ ਵਜਾਏ ਢੋਲ ਨਗਾੜੇ
ਤੂੰ ਹੀ ਖਾਮੋਸੀ ਦਾ ਸੁਰ ਗਾਇਆ
ਤੂੰ ਸੁਰਗਾਂ ਤੇ ਨਰਕਾਂ ’ਚ
ਜੀਵਨ ਦਾ ਜਸ਼ਨ ਮਨਾਇਆ ।

## ਤਿੰਨ ਨਕਾਬ

ਮੇਰਾ ਖ਼ੁਦਾ ਬੜਾ ਖ਼ੂਬਸੂਰਤ ਸੀ
ਉਸਦੇ ਨੈਣ ਨਕਸ ਮੈਨੂੰ ਵਿਰਾਸਤ ’ਚ ਮਿਲੇ
ਬਚਪਨ ’ਚ ਹੀ ਨਕਾਬ ਪਹਿਨਾ ਦਿੱਤਾ
ਜੋ ਦੁਨੀਆ ਮੈਨੂੰ ਦੇਖ ਨਾ ਸਕੇ।

ਪਹਿਲੇ ਨਕਾਬ ਨੇ ਮੇਰੀਆਂ ਅੱਖਾਂ ਹੀ ਢੱਕੀ ਰੱਖੀਆਂ
ਮਨ ਦੀਆਂ ਅੱਖਾਂ ਨਾਲ ਦੁਨੀਆ ਨੂੰ ਦੇਖਦੀ ਰਹੀ

ਕੰਨਾਂ ’ਚ ਮੇਰੇ ਜੱਜਾਂ ਦੀਆਂ ਤਾਰੀਫਾਂ
ਤਾੜੀਆਂ ਦੀਆਂ ਗੂੰਜਾਂ ਪ੍ਰਿੰਸੀਪਲਾਂ ਦੇ ਫਲਸਫੇ
ਦੋਸਤਾਂ ਦੀਆਂ ਤਾਰੀਫਾਂ ਮੈਡਲ ਤੇ ਵਜੀਫੇ
ਜੋ ਮੈਂ ਵਿਚਾਰਿਆਂ ਨੂੰ ਦਿੰਦੀ ਰਹੀ

ਮੇਰਾ ਨਕਾਬ ਸੀ ਲਿਖਣ ਦਾ
ਉਹ ਮੇਰਾ ਗਾਡ-ਗਿਫਟ ਸੀ।
ਬੜੀ ਇੱਜ਼ਤ ਨਾਲ ਖ਼ੁਦਾ ਮੋੜ ਦਿੱਤਾ
ਉਸਨੂੰ ਉਤਾਰ ਚਿਹਰਾ ਦਿਖਾ ਦਿੱਤਾ

ਫਿਰ ਮੈਂ ਤੇ ਮੇਰੇ ਖ਼ੁਦਾ ਨੇ
ਮਿਲ ਕੇ ਦੂਜਾ ਨਕਾਬ ਬਣਾਇਆ
ਉਸਨੂੰ ਸਨਕ ਦਾ, ਕਮਲਾ ਜਿਸ
ਪਾਰਦਰਸੀ ਰੰਗ ਲਾਇਆ।

ਉਸ ਪਾਰਦਰਸੀ ਰੰਗ ਤੋਂ
ਸਚਾਈ ਦੀ ਸਰੂਪਤਾ ਝਲਕਦੀ ਹੈ

ਅੱਧਾ ਨਕਾਬ ਖ਼ੁਦਾ ਨੇ ਮੈਨੂੰ
ਤੇ ਅੱਧਾ ਖ਼ੁਦ ਪਾ ਲਿੱਤਾ ।

ਤੀਜਾ ਨਕਾਬ ਜਿਸ ਦੇ ਦੋ ਝਰੋਖੇ ਨੇ
ਲੋਕੀ ਕਹਿੰਦੇ ਇਹਨਾਂ ਦੀਆਂ ਅੱਖਾਂ ਹਨ
ਇਹਨਾਂ ਅੱਖਾਂ ਨਾਲ ਮੈਂ ਦੁਨੀਆ ਵੇਖਦੀ ਹਾਂ
ਮਾਇਆ ਦੇ ਇਸ ਨਕਾਬ ਤੋਂ ਦੂਰ ਰਹਿੰਦੀ ਹਾਂ ।

ਮੈਨੂੰ ਨਕਾਬ ਦੇਖਣ ਦੀ ਆਦਤ ਨਹੀਂ
ਸ਼ੀਸ਼ਿਆਂ ਤੋਂ ਵੀ ਦੂਰ ਰਹਿੰਦੀ ਹਾਂ
ਕੀ ਕਰਾਂ ਆਪਣੇ ਅਸਲੀ ਚਿਹਰੇ
ਨੂੰ ਮੈਂ ਅੱਜ ਵੀ ਪਿਆਰ ਕਰਦੀ ਹਾਂ।

## ਕਾਲੀਆਂ ਦੀਵਾਰਾਂ

ਕਾਲੀਆਂ ਦੀਵਾਰਾਂ ਦੇ ਪਿੱਛੇ
ਦੂਧੀਆ ਜਿਹਾ ਚਾਨਣ
ਮੈਨੂੰ ਹੈਰਾਨ ਕਰਦਾ
ਪਰੇਸ਼ਾਨ ਕਰਦਾ,
ਆਪਦੀ ਹੋਂਦ ਦਰਸਾਉਂਦਾ
ਮੇਰੇ ਵੱਲ ਵੱਧਦਾ ਹੋਇਆ
ਆ ਰਿਹਾ ਸੀ।

ਕਾਲੀਆਂ ਦੀਵਾਰਾਂ ਸਾਰੇ ਚਾਨਣ
ਨੂੰ ਬੁਕੱਲ 'ਚ ਲੈਂਦੀਆਂ ਹੋਈਆਂ
ਚਮਕ ਰਹੀਆਂ ਸਨ।
ਇਹ ਦ੍ਰਿਸ਼ ਮੈਨੂੰ ਭਵਿੱਖ
ਦੇ ਚਾਨਣ ਦਾ ਚੇਤਾ ਕਰਵਾ ਰਿਹਾ ਸੀ।

## ਪੱਥਰਾਂ ਦੀ ਪਰਿਭਾਸ਼ਾ

ਪੱਥਰਾਂ ਦੀ ਪਰਿਭਾਸ਼ਾ ਦੱਸੋ
ਇਹ ਵੀ ਕੋਈ ਗੱਲ ਬਣੀ
ਪੱਥਰ ਬਣ ਕੇ ਇਤਿਹਾਸ ਰੱਚੋ
ਇਹ ਵੀ ਕੋਈ ਗੱਲ ਬਣੀ

ਪੱਥਰਾਂ ਨੂੰ ਤੋੜੋ ਤੇ ਜੋੜੋ
ਇਹ ਵੀ ਕੋਈ ਗੱਲ ਬਣੀ
ਪੱਥਰ ਦਿਲ ਨੂੰ ਪਿਘਲਾਓ
ਇਹ ਤਾ ਕੋਈ ਗੱਲ ਬਣੀ

## ਠੰਡੀਆਂ ਬਰਫਾਂ

ਠੰਡੀਆਂ ਬਰਫਾਂ ਨੂੰ ਮੋਮ
ਸਮਝ ਬੈਠੀ ਸੀ।
ਜਲਾਉਣ ਵਾਸਤੇ ਮਾਚਿਸ
ਦੀਆਂ ਤੀਲੀਆਂ ਮੁਕਾ ਸੁੱਟੀਆਂ

ਬਰਫਾਂ ਨੇ ਕੀ ਰੋਸ਼ਨੀ ਦੇਣੀ ਸੀ
ਉਹ ਤਾਂ ਆਪ ਹੀ ਪਿਘਲ ਬੈਠੀਆਂ

ਫਿਰ ਕੀ ਹੋਇਆ
ਮੈਨੂੰ ਇਹ ਤਾਂ ਪਤਾ ਲਗਿਆ
ਮੋਮ ਤੇ ਬਰਫ 'ਚ
ਪਿਘਲਣ 'ਚ ਅੰਤਰ ਕੀ ਹੈ।

## ਡਿੱਠਾ

ਕੱਚੀਆਂ ਟਾਹਣੀਆਂ 'ਤੇ ਆਲ੍ਹਣੇ
ਬਣਾਉਣ ਡਿੱਠਾ।
ਟੁੱਟੇ ਤਿਨਕਿਆਂ ਦਾ ਆਸ਼ਿਆਨਾ
ਵਸਾਉਣ ਡਿੱਠਾ
ਹਲਕੀਆਂ ਹਵਾਵਾਂ
ਨਾਲ ਹੀ ਜੋ ਝੂਲ ਜਾਂਦੇ
ਇਹੋ ਜਿਹੇ ਥਾਂਵਾਂ 'ਤੇ
ਉਜੜ ਬਣਾਉਣ ਡਿੱਠਾ

## ਦਰਿਆਵਾਂ ਨੂੰ ਜੋੜਨਾ

ਦੋ ਦਰਿਆਵਾਂ ਨੂੰ ਜੋੜਨਾ
ਮੇਰਾ ਮੁਕਦਰ ਹੈ ਹੁਣ
ਜੋ ਹਰ ਵਕਤ ਉਲਟ
ਦਿਸ਼ਾ 'ਚ ਵਹਿੰਦੇ ਨੇ

ਕਿਹੜੇ ਦਰਿਆ ਦੀ ਦਿਸ਼ਾ
ਦੇਵਾਂ ਤਕਦੀਰ ਆਪਣੀ ਨੂੰ
ਇਹਨਾਂ ਦੇ ਪਾਣੀ ਤਾਂ
ਆਪਸ ਵਿੱਚ ਲੜਦੇ ਰਹਿੰਦੇ ਨੇ

ਮੇਰੇ ਗਾਗਰ ਵੀ ਪਰੇਸ਼ਾਨ ਹੈਂ
ਘੁੰਮਦੀ ਰਹਿੰਦੀ ਹੈ ਮੋਏ,
ਦਰਿਆਵਾਂ ਵਿਚਕਾਰ
ਜਿਵੇਂ ਸਮੇਂ ਦੇ ਲਫ਼ਜ਼ਾਂ 'ਚ

ਕੁਝ ਕਹਿੰਦੀ ਹੈ।
ਮੇਰੀ ਗਾਗਰ ਘੁੰਮਦੇ-ਘੁੰਮਦੇ
ਸਮੇਂ ਦੀ ਅਦਲਾ ਬਦਲੀ
ਕਰਦੀ ਰਹਿੰਦੀ ਹੈ।

## ਦਰਦਾਂ ਦੀ ਤਲਾਸ਼

ਦਰਦਾਂ ਦੀ ਤਲਾਸ਼ 'ਚ ਮੈਂ
ਤਲਾਸ਼ ਨੂੰ ਦਰਦ ਬਣਾ ਬੈਠੀ
ਇਸੇ ਖ਼ੁਸ਼ੀ 'ਚ ਪਗਲਾ ਕੇ
ਆਪਣੇ ਜ਼ਖਮ ਦਿਖਾ ਬੈਠੀ।

ਮੈਂ ਆਪਣੀ ਖ਼ੁਸ਼ੀ ਦਾ
ਇਜ਼ਹਾਰ ਕਿਉਂ ਨਾ ਕਰ ਸਕੀ
ਖੇਡ-ਖੇਡ 'ਚ ਖ਼ੁਸ਼ੀ ਨੂੰ ਹੀ,
ਦਰਦ ਬਣਾ ਬੈਠੀ

ਸ਼ਾਇਦ ਇਨ੍ਹਾਂ ਮੋਇਆਂ ਦੀ
ਮੈਨੂੰ ਵਰ੍ਹਿਆਂ ਤੋਂ ਤਲਾਸ਼ ਸੀ

## ਨਾ ਕੱਟ ਜੁਲਮੀ

ਮੇਰੀ ਫ਼ਸਲ ਨੂੰ ਨਾ ਕੱਟ ਜੁਲਮੀ
ਇਸਨੂੰ ਪਕੱਣ 'ਚ ਦੇਰ ਹੈ
ਮੈਂ ਤਾਂ ਹਾਂ ਚਿੜੀ ਦਾ ਦਾਣਾ
ਉਹਨਾਂ ਮੁੜ ਆਉਣਾ ਫਿਰ ਹੈ

ਤੂੰ ਤਾਂ ਕੱਟ ਵੱਢ ਕੇ
ਮੰਡੀ 'ਚ ਸੁੱਟ ਆਉਂਦਾ ਹੈਂ।
ਮੈਂ ਤਾਂ ਆਪਣੀਆਂ ਜਾਈਆਂ ਨੂੰ
ਮੂੰਹ ਵਿਖਾਉਣਾ ਹੈ।

ਮੇਰਾ ਵੱਸ ਚਲੇ ਤਾਂ ਚੁੱਗ ਚੁੱਗ ਮੋਤੀ
ਬਗਲਿਆਂ ਨੂੰ ਖਵਾ ਦਿਆਂ।
ਆਪਣੀਆਂ ਪਿਆਰੀਆਂ ਲਈ
ਫ਼ਸਲਾਂ ਉਗਾ ਦਿਆਂ।

ਮੇਰੀ ਨਸਲ ਨੂੰ ਨਾ ਕੱਟ ਜੁਲਮੀ,
ਇਸਨੂੰ ਪੱਕਣ 'ਚ ਦੇਰ ਹੈ।
ਅੱਜ ਉੱਡਦੀ ਵਿੱਚ ਹਵਾਵਾਂ ਦੇ
ਧਰਤੀ ਤੇ ਵਾਪਸ ਆਉਣਾ ਫਿਰ ਹੈ

## ਚੌਖਟ ਤੇ ਬੈਠਾ ਗਾਂਧੀ

ਮੇਰੀ ਚੌਖਟ ਤੇ ਬੈਠਾ ਗਾਂਧੀ
ਵੱਡਾ ਚਰਖਾ ਕੱਤਦਾ
ਕੱਤ-ਕੱਤ ਉਸਨੇ ਸੂਤ ਬਣਾਇਆ
ਫਿਰ ਖੱਡੀ ਤੇ ਬੁਣਦਾ

ਕੀਤੀ ਵਕਾਲਤ ਦੂਰ ਸਮੁੰਦਰੋਂ
ਬਣਿਆ ਦੇਸ਼-ਜੁਲਾਹਾ
ਸਮੁੰਦਰ ਦੇ ਕੰਢੇ ਤੇ ਉਸ
ਪਾਣੀ ਦਾ ਲੂਣ ਬਣਾਇਆ

ਦੇਸ਼ ਮੇਰੇ ਦੇ ਲੋਕੀ ਯਾਰੋ
ਬੜੇ ਨੇ ਅਣਖੀਲੇ
ਲੈ ਗਾਂਧੀ ਦੀ ਚਾਦਰ ਉਹਨਾਂ
ਟੋਟੇ-ਟੋਟੇ ਕੀਤੇ

ਇੱਕ ਟੋਟੇ ਦਾ ਬਣਿਆ ਮਖੌਟਾ
ਲੱਖਾਂ ਸਾਂਝਾ ਕੀਤਾ
ਦੇਸ਼ ਏਕਤਾ ਨਾਰਾ ਉੱਚਾ
ਅਸਮਾਨਾਂ ਤੋਂ ਕੀਤਾ

ਦੂਜੇ ਟੋਟੇ ਲੂਣ ਗੰਢਿਆਂ
ਜਖਮਾਂ 'ਤੇ ਛਿੜਕਣ ਦਿੱਤਾ
ਅੱਧਾ ਪਾਕਿਸਤਾਨ ਨੂੰ ਤੇ
ਅੱਧਾ ਹਿੰਦ ਨੂੰ ਦਿੱਤਾ

ਤੀਜੇ ਟੋਟੇ ਵੇਲੇ ਯਾਰੋ
ਮੇਰਾ ਗਾਂਧੀ ਬੜਾ ਸੀ ਰੋਇਆ
ਹਿੱਕ ਵਿੱਚ ਖਾਕੇ ਦੇਸੀ-ਗੋਲੀ
ਜਾ ਕਬਰਾਂ 'ਚ ਸੋਇਆ।

## ਪੀਂਘੇ ਤੇ ਬੈਠੀ ਹੀਰ

ਪੀਂਘ ਤੇ ਬੈਠੀ ਹੀਰ ਦੇ ਪੈਰ
ਜੱਦ ਬਦਲਾਂ ਨੂੰ ਛੂੰਹਦੇ
ਤਦ ਠੰਡੀਆਂ ਹਵਾਵਾਂ 'ਚ
ਨਾਮੋਸ਼ੀ ਛਾ ਜਾਂਦੀ

ਪਿੰਡ ਦੇ ਸਾਰੇ ਰਾਂਝੇ ਇੱਕਠੇ
ਉਸਨੂੰ ਮਹਿਸੂਸ ਕਰਦੇ

ਪੀਂਘ ਤੇ ਬੈਠੀ ਹੀਰ ਦੀ ਗੁੱਤ
ਜਦ ਲੱਕ ਨੂੰ ਛੂਹ ਜਾਂਦੀ
ਤਦ ਦਰਖਤਾਂ ਦੀਆਂ ਲਤਾਵਾਂ
'ਚ ਨਾਮੋਸ਼ੀ ਛਾ ਜਾਂਦੀ।

## ਮੋਈਏ ਹੀਰੇ

ਦੱਸ ਨੀ ਮੋਈਏ ਹੀਰੇ
ਕੀ ਕਰੇ ਤੇਰਾ ਰਾਂਝਾ
ਤੂੰ ਤਾਂ ਜਾ ਕੇ ਮੜੀਆਂ
’ਚ ਸੌਂ ਗਈ

ਤੇਰਾ ਰਾਂਝਾ ਮਰ ਕੇ ਵੀ
ਰਾਂਝਾ ਹੀ ਜੰਮਿਆ
ਉਹ ਮੜੀਆਂ ਤੇ ਜਾ ਕੇ
ਤੈਨੂੰ ਹੀ ਲੱਭਦਾ ਹੈ।

ਤੂੰ ਆਵਾਜ਼ ਦੇ ਜਰਾ
ਉਹ ਜਿਉਂਦੇ ਹੀ ਮੜੀ ਬਣਾ ਲਵੇ
ਤੂੰ ਹੀ ਦਸ ਤੇਰੇ ਬਿਨ
ਰਾਂਝਾ ਕਿਵੇਂ ਜੀਵੇ

## ਮਾਂ ਪਿਓ ਕਹਿੰਦੇ

ਮਾਂ ਪਿਓ ਕਹਿੰਦੇ ਨੀ ਧੀਏ
ਨਾ ਇੱਜ਼ਤ ਨੂੰ ਵੱਟਾ ਲਾਵੀਂ ਤੂੰ
ਆਪਣੀ ਜਿੰਮੇਦਾਰੀ ਨੂੰ ਛੱਡ ਕੇ
ਨਾ ਪਿੱਛੇ ਮੁੜ ਆਵੀਂ ਤੂੰ

ਆਪਣੇ ਬਾਰੇ ਸੋਚ ਕੇ ਤੂੰ
ਸਾਨੂੰ ਨਾ ਭੁੱਲ ਜਾਵੀਂ
ਇੱਜ਼ਤ ਨੂੰ ਨਾ ਵੱਟਾ ਲਾਵੀਂ
ਪਿੱਛੇ ਨਾ ਮੁੜ ਕੇ ਆਵੀਂ ਤੂੰ

## ਨਾ ਨਜ਼ਰ ਲਾਵੀਂ

ਮੇਰੇ ਦਰਦ ਨੂੰ ਨਾ ਨਜ਼ਰ ਲਾਵੀਂ
ਮੈਂ ਮੰਗ-ਮੰਗ ਝੋਲੀ ਪਾਇਆ
ਕੀਤੇ ਟੋਟਕੇ-ਟੂਣੇ ਬਥੇਰੇ
ਮੈਂ ਹੱਡਾਂ ਨਾਲ ਕਮਾਇਆ

ਸੁੱਖਾਂ ਦੀ ਲੰਮੀ ਵਾਟ ਤੇ
ਮੈਂ ਚਲਦੀ-ਚਲਦੀ ਥੱਕ ਗਈ ਸਾਂ
ਪੈਰਾਂ 'ਚ ਬਣ ਕੇ ਕੰਡਿਆਂ ਨੂੰ
ਮੈਂ ਫੁੱਲਾਂ ਉਤੇ ਚਲਦੀ ਹਾਂ।

ਮੈਂ ਦਰਦ ਦਾ ਚੋਲਾ ਪਾਕੇ ਯਾਰੋ
ਕਾਲਾ ਟਿੱਕਾ ਲਾਇਆ
ਲੋਕੀਂ ਲੱਭਣ ਖਜ਼ਾਨੇ ਯਾਰੋ
ਮੈਂ ਤਾਂ ਵਡਮੁੱਲਾ ਧਨ ਪਾਇਆ

## ਬੁਧੀਆ ਦੌੜਦਾ ਰਹਿ

ਬੁਧੀਆ ਤੂੰ ਦੌੜਦਾ ਰਹਿ
ਉੱਤਰ ਤੋਂ ਦੱਖਣ, ਪੂਰਬ ਤੋਂ ਪੱਛਮ
ਨਾ ਬੈਠੀਂ ਕਿਸੇ ਪੜਾਅ ਤੇ
ਕਟ ਦੇਵੀਂ ਹਰ ਉਮਰ ਦਾ ਬੰਧਨ

ਤੂੰ ਛੋਟਾ ਜਿਹਾ ਹੈਂ
ਕਿਸਨੇ ਕਿਹਾ ਤੈਨੂੰ
ਅੰਕਾਂ ਦਾ ਜੋੜ ਹੀ ਧੁੰਦਲਾਉਂਦਾ ਹੈ
ਰੂਹ ਦਾ ਦਰਪਣ

ਇੱਥੇ ਛੋਟੀ ਉਮਰੇ ਸਿਰਫ
ਕ੍ਰਿਸ਼ਨ ਤੇ ਰਾਮ ਜੰਮਦੇ ਨੇ,
ਭੁੱਲ ਜਾਂਦੇ ਕਿਉਂ ਲੋਕੀ
ਕਿੰਨੇ ਕਰੋੜੀ ਬੁਧੀਆ ਬਣਦੇ ਨੇ।

ਦੌੜਦਾ ਰਹੀਂ ਤੂੰ ਉਧਰ
ਇਧਰ ਮੇਰੇ ਰਸਤੇ ਕੱਟਦੇ ਨੇ
ਤੇਰੇ ਕਦਮਾਂ ਦੀ ਚੋਟ ਤੇ
ਬਜ਼ੁਰਗ ਵਕਤ ਮਿਟਦੇ ਨੇ।

## ਮਿਰਚਾਂ ਦਾ ਮੇਲਾ

ਇੱਕ ਮਦਾਰੀ
ਲਾਇਆ ਮੇਲਾ
ਸ਼ੋਅ ਦੇਖਣ ਦਾ
ਇੱਕ ਇੱਕ ਧੇਲਾ
ਵਿੱਚ ਮੈਦਾਨੀ
ਮਿਰਚਾਂ ਧਰੀਆਂ
ਬਿਨਾਂ ਖਾਏ ਨਾ
ਉਸਨੂੰ ਸਰਨਾ

ਇੱਕ ਇੱਕ ਮਿਰਚੀ
ਚੁੱਕੀ ਜਾਵੇ
ਨਾਲੇ ਹੱਸੇ ਨਾਲੇ ਰੋਵੇ
ਹੱਸਦੇ ਰੋਂਦੇ ਗੱਲ
'ਚ ਉਹਦੇ
ਮਿਰਚਾਂ ਦੀ ਤਲਵਾਰਾਂ ਚਲੇ

ਅੱਖਾਂ ਦੇ ਹੰਝੂ ਵੀ ਸੁੱਕੇ
ਸਾਰੇ ਗੁੱਸੇ ਗਿਲੇ ਮੁੱਕੇ
ਢਿੱਡ ਚ ਭਾਂਬੜ
ਪਾਉਣ ਮਿਰਚਾਂ
ਨਾਲ ਰਲਣ ਜਦ
ਇਹ ਭੁੱਖਾਂ

ਵੇਖੋ ਮਦਾਰੀ
ਵੇਖੋ ਮੇਲਾ
ਮਿਰਚਾਂ ਨਾ ਮੁੱਕੀਆਂ
ਚੁੱਕਿਆ ਗਿਆ ਮੇਲਾ

ਮੇਲੇ ਵਿਚ
ਅਕਾਸਾਂ ਲਗੀਆਂ
ਬਾਗਾਂ ਲਗੀਆਂ
ਖੂਹੀਆਂ ਲਗੀਆਂ
ਕਿਸੇ ਨਾ ਖਾਧੀਆਂ
ਇੰਨੀਆਂ ਮਿਰਚਾਂ

ਕਿਸਮਤ ਦੀਆਂ ਮਿਰਚਾਂ
ਬਣੀਆ ਜਗ-ਚਰਚਾ
ਅੱਜ ਮਿਰਚਾਂ ਬੂਹੇ ਤੇ
ਟੰਗੀਆਂ
ਇਹਨਾਂ ਨੂੰ ਨਾ ਲੱਗਣ
ਜਗ ਦੀਆ ਨਜ਼ਰਾਂ।

## ਸੱਤ ਘਰ

ਸੱਤ ਘਰਾਂ ਦੀ ਮਾਲਕਣੇ
ਤੂੰ ਕਾਹਨੂੰ ਰੋਣੀ ਹੈਂ
ਛੇ ਘਰ ਤੇਰੇ ਹਰ ਵੇਲੇ
ਤੂੰ ਸਤਵੇਂ 'ਚ ਜਾ ਸੌਣੀ ਹੈ।

ਅਤੀਤ – ਭਵਿੱਖ ਤੇ ਅੱਜ ਤੇਰੇ ਨੂੰ
ਦੋ ਦੋ ਘਰ ਵੰਡੇ ਪਏ
ਇੱਕ ਘਰ ਤੇਰੇ ਅੰਦਰਲਾ
ਦੂਜਾ ਬਾਹਰਲਾ ਅਖਵਾਏ।

ਅਤੀਤ ਦੇ ਅੰਦਰਲੇ ਘਰ ਵਿਚ
ਮਿਹਨਤ ਦਾ ਮੁੱਲ ਪਾਈਂ,
ਖੁਸ਼ੀਆਂ ਦੇ ਤਗਮੇ ਟੰਗੀਂ
ਯਾਰਾਂ ਦਾ ਕੰਵਲ ਭੁਨਾਈ।

ਬਾਹਰਲੇ ਘਰ ਵਿਚ ਕਮਲੀ ਲਾਡੋ
ਦੁਨੀਆ ਦੀ ਮੰਜੀ ਡਾਹ੍ਹੀ
ਅਤੀਤ ਦੇ ਅੱਥਰ ਤੂੰ ਵੰਡੀ,
ਦਰਦਾਂ ਦਾ ਦੱਸ ਕਢਾਈਂ।

ਅੱਜ ਤੇਰੇ ਦੇ ਅੰਦਰਲੇ ਘਰ ਚ
ਪ੍ਰੇਰਣਾ 'ਚ ਬੂਟਾ ਉਗਾਈਂ
ਜਾਣ ਲਈ ਪਹਿਲਾਂ ਕਥਾ ਪਹੇਲੀ
ਆਪਣੀ ਹੌਂਦ ਅਜਮਾਈ

ਬਾਹਰਲੇ ਘਰ ਵਿਚ ਧੀ ਰਾਣੀ
ਹਾਸੇ ਤੇ ਸੁੰਦਰਤਾ ਵਧਾਈਂ
ਸਾਰੀ ਦੁਨੀਆ ਕਮਲੀ ਹੈਗੀ
ਦੁਨੀਆ ਦੇ ਪਿੱਛੇ ਨਾ ਜਾਈਂ।

ਭਵਿੱਖ ਤੇਰੇ ਦਾ ਅੰਦਰਲਾ ਪਰ
ਕਰੂਪਤਾ ਨਾਲ ਭਰਿਆ
ਹਰ ਵੇਲੇ ਤੂੰ ਕੂੜਾ ਕਢੀਂ
ਖੁਸੀਆਂ ਦਾ ਗੁਲਕ ਲਾਈਂ।

ਬਾਹਰਲਾ ਘਰ ਬੰਗਲਾ ਵੱਡਾ
ਕਾਰਾਂ, ਨੌਕਰ ਚਾਕਰ ਵਧੇਰੇ
ਹਰ ਥਾਂ ਤੇ ਖੁਸ਼ੀਆਂ ਦੇ ਡੇਰੇ
ਵੱਡੀਆਂ ਗੱਲਾਂ  ਤੋਂ ਬਚ ਜਾਈਂ

## ਸ੍ਰੀ ਰਾਮ ਤੇ ਕੈਕਈ

ਮੈਂ ਕਲਜੁਗ ਦੇ ਜੰਗਲ ਦੀ ਲੱਕੜ
ਅੱਜ ਮੈਂ ਖਲੋਤੀ ਵਿਚ ਦੱਖਣ,
ਉਮਰਾਂ ਪਹਿਲਾ ਸੀ ਰਾਮ ਆਏ
ਕਿਉਂ ਛੱਡ ਆਪਣਾ ਘਰ ਉਤਰ।

ਸਤਿਯੁਗ 'ਚ ਪੁੱਛਿਆ ਰਾਮ ਤੋਂ
ਉਹ ਮੇਰੇ ਗਲ ਲਗ ਰੋਏ ਸੀ
ਕੈਕਈ ਮਾਂ ਕਹਿੰਦੇ ਕਹਿੰਦੇ
ਮੇਰੀ ਗੋਦੀ ਵਿਚ ਆ ਸੋਏ ਸੀ

ਹਜ਼ਾਰਾਂ ਸਾਲਾਂ ਬਾਅਦ ਮੈਨੂੰ
ਰਾਮ ਦੇ ਦਰਸਨ ਹੋਏ ਨੇ
ਸੁਪਨਾ ਹੈ ਜਾਂ ਨੀਂਦਰ
ਜੋ ਮਹਿਸੂਸ ਕੀਤੇ ਸ਼ਬਦ ਪਿਰੋਏ ਨੇ
ਸ਼ਬਦ ਨੇ,
ਰਾਮ ਨੂੰ ਦੱਸਿਆ ਕੁਦਰਤ ਨੇ
ਤੂੰ ਮੇਰਾ ਰਖਵਾਲਾ ਹੈਂ
ਰਾਵਣ ਦੇ ਪਾਪਾਂ ਤੋਂ ਮੁਕਤੀ ਦੇ
ਤੂੰ ਹੀ ਉਪਰ ਵਾਲਾ ਹੈਂ।

ਉਹ ਸਮਝ ਗਏ, ਉਹ ਜਾਣ ਗਏ
ਪਰ ਢਿੱਡ ਦੀ ਗੱਲ ਕਿਸਨੂੰ ਦੱਸਣ
ਸਭ ਤੋਂ ਪਿਆਰੀ ਮਾਂ ਕੈਕਈ ਸੀ
ਉਸ ਹੱਥੋਂ ਖੇਡਿਆ ਸੀ ਬਚਪਨ

ਮਾਂ ਜਾਣਾ ਚਾਹੁੰਦਾ ਹਾਂ ਦੱਖਣ
ਇਥੇ ਬਣਨਾ ਹੈ ਰਾਜਾ ਮਹਿਲਾਂ ਦਾ
ਧਰਮ ਦੇ ਹੰਝੂ ਰੋਕਣ ਮੈਨੂੰ
ਕਰਨਾ ਹੈ ਅੰਤ ਰਾਵਣ ਦਾ

ਮਾਂ ਇੱਕ ਨਾਟਕ ਖੇਡ
ਭੇਜ ਦੇ ਮੈਨੂੰ ਤੂੰ ਦੱਖਣ
ਤੇਰੇ ਦੋ ਵਰ ਉਧਾਰ ਦੇ ਦੇ
ਵਾਪਿਸ ਲੈ ਲਈਂ ਅਗਲੇ ਜਨਮ

ਛੱਡਣਾ ਹੈ ਮੈਂ ਤੇਰਾ ਘਰ
ਦਸ਼ਰਥ ਪਿਤਾ ਨੂੰ ਮਨਾ ਲੈ
ਉਹਨਾਂ ਦਾ ਮੰਨਣਾ ਔਖਾ ਹੈ
ਚੌਦਾਂ ਸਾਲ ਬੁਰਾਈ ਕਮਾ ਲੈ

ਕੈਕਈ ਮਾਂ ਨਾ ਰੋਈ
ਉਹ ਮਮਤਾ ਦੀ ਮੂਰਤ ਸੀ
ਹੱਸਦੀ ਹੋਈ ਰੁੱਸਣ ਬੈਠ ਗਈ
ਉਸ ਬਲਿਦਾਨ ਦੀ ਸਭ ਨੂੰ ਜਰੂਰਤ ਸੀ।

ਰਾਮ ਨੇ ਜੋ ਕੀਤਾ
ਉਹ ਬੱਚੇ ਲਈ ਰਮਾਇਣ ਹੈ
ਮਾਂ ਕੈਕਈ ਦੀ ਕਿਰਪਾ ਨਾਲ
ਅੱਜ ਉਹ ਜਗਤ ਨਾਰਾਇਣ ਹੈ।

ਮੈਂ ਤਾਂ ਹਾਂ ਜੰਗਲ ਦੀ ਲੱਕੜ
ਮੇਰੀ ਦੇਹ ਤੇ ਹੰਝੂ ਰਾਮ ਦੇ
ਨਾ ਸੁੱਕਦੇ ਨੇ ਨਾ ਸੜਦੇ ਨੇ
ਨਾ ਭਿਜਦੇ ਨੇ, ਜਾਏ ਰਾਮ ਦੇ।

## ਤਮੰਨਾ

ਹਰ ਇਨਸਾਨ ਦੀ ਕੋਈ ਨਾ ਕੋਈ
ਤਮੰਨਾ ਹੁੰਦੀ ਹੈ।
ਕਿਸੇ ਦੀ ਕੰਡਿਆਂ ਨੂੰ ਛੋਹਣ ਦੀ
ਤਮੰਨਾ ਹੁੰਦੀ ਹੈ।

ਕਿਸੇ ਦੀ ਫੁੱਲਾਂ ਨੂੰ ਉਗਾਣ ਦੀ
ਤਮੰਨਾ ਹੁੰਦੀ ਹੈ।
ਪਰ ਅਸੀ ਉਹਨਾਂ 'ਚ ਹਾਂ ਜਿਨ੍ਹਾਂ
ਦੀ ਕੋਈ ਤਮੰਨਾ ਨਹੀਂ।

ਅਸੀਂ ਤਮੰਨਾ ਨਹੀਂ, ਮਕਸਦ ਦੀ
ਕਦਰ ਕਰਦੇ ਹਾਂ।
ਅਸੀਂ ਉਸ ਬਾਗ ਦੇ ਮਾਲੀ ਹਾਂ
ਜੋ ਫੁੱਲਾਂ ਨੂੰ ਉਗਾਂਦੇ ਨੇ
ਅਸੀਂ ਤਾਂ ਕੰਡਿਆਂ 'ਚ ਵੀ
ਜ਼ਿੰਦਗੀ ਦੇ ਲਮਹੇ ਪਾਂਦੇ ਹਾਂ।

ਲੋਕ ਕਹਿੰਦੇ ਨੇ ਤਕਦੀਰ ਮੱਥੇ
ਤੇ ਲਿਖੀ ਆਉਂਦੀ ਹੈ।
ਅਸੀ ਕਹਿੰਦੇ ਹਾਂ, ਤਕਦੀਰ ਹੱਥਾਂ
ਨਾਲ ਬਣਾਈ ਜਾਦੀ ਹੈ।

## ਰੰਗਹੀਣ ਦੁਨੀਆ

ਇਸ ਕਵਿਤਾ ਤੋਂ ਪਹਿਲਾ ਰੰਗ ਗੁਆਚ ਗਏ ਸਨ। ਮੈਂ ਬਹੁਤ ਖੋਂ ਕਰਕੇ ਨਵੇਂ ਰੰਗ ਬਣਾਏ ਤੇ ਜੀਵਨ ਚ ਭਰੇ। ਪਰ ਕਵਿਤਾ ਇਨ੍ਹਾਂ ਸਬਦਾ ’ਚ ਜੀਵਿਤ ਹੈ। ਮੇਰੇ ਗੁਰੂ ਜੀ ਨੇ ਮੈਨੂੰ ਰੰਗੀਨ ਕਲਮ ਦਿੱਤੀ ਹੈ।

ਇਸ ਰੰਗਹੀਣ ਦੁਨੀਆ ਵਿਚ,
ਕੋਈ ਗੀਤ ਲਿਖੇ ਤਾਂ ਕਿਵੇਂ ਲਿਖੇ
ਸਾਰੇ ਰੰਗ ਗੁਆਚ ਗਏ
ਕੋਈ ਇਧਰ ਨਾ ਕੋਈ ਉਧਰ

ਕੋਈ ਰੰਗ ਮਿਲਿਆ ਨਾ
ਜੋ ਭਰੇ ਗੀਤਾਂ ’ਚ
ਰੰਗਾਂ ਦਾ ਪੈ ਗਿਆ
ਅਕਾਲ ਦੁਨੀਆ ’ਚ,

ਮੈਨੂੰ ਯਾਦ ਆਉਦਾ ਹੈ ਉਹ
ਮੌਸਮ ਜਦੋਂ ਰੰਗਾਂ ਦੀ ਹੁੰਦੀ ਵਰਖਾ ਸੀ
ਉਨ੍ਹਾਂ ਰੰਗਾਂ ’ਚ ਬੈਠ ਕੇ
ਮੈਂ ਲਿਖਦੀ ਸੀ ਗੀਤ ਰੰਗਾਂ ਦੇ

ਮੈਂ ਗੀਤ ਲਿਖਦੀ ਜਾਂਦੀ
ਉਹ ਹਸਦੇ ਜਾਂਦੇ
ਵਾਰ ਵਾਰ ਮੈਨੂੰ ਦੇਖ ਮੁਸਕਰਾਉਂਦੇ

ਪਤਾ ਨਹੀਂ ਕਿਹੜੀ ਰੁੱਤ ਆਈ,
ਗੀਤਾ ਦੇ ਮੂੰਹ ਉੱਤੋਂ ਉੱਡੀ ਹਵਾਈ।
ਹੁਣ ਸਾਰੇ ਰੰਗ ਬੇਰੰਗ ਹੋ ਗਏ।
ਉਨ੍ਹਾਂ ਦੇ ਇੱਕ ਇਕ ਰੰਗ ਹੋ ਗਏ।

ਮੈਂ ਬੈਠੀ ਵਿਚ ਉਜਾੜਾਂ ਦੀ
ਉਹਨਾਂ ਅੰਗਾਂ ਨੂੰ ਸਮੇਟਦੀ ਹਾਂ
ਲੱਭਦੀ ਹਾਂ ਰਸਤਾ ਸ਼ਮਸ਼ਾਨ ਦਾ

ਨਾ ਮਿਲਣ ਤੇ ਹੰਝੂ ਕੇਰਦੀ ਹਾਂ
ਉਹ ਰੁੱਤ ਕਦੋਂ ਵਾਪਸ ਆਵੇਗੀ
ਜਦੋਂ ਰੰਗਾਂ ਦੀ ਗੁਆਚੀ ਰੰਗਤ ਮਿਲ ਜਾਏਗੀ

ਮੈਂ ਹੱਸਾਂਗੀ, ਗਾਵਾਂਗੀ।
ਗੀਤਾਂ ਨਾਲ ਖ਼ੁਸ਼ੀ ਮਨਾਵਾਂਗੀ
ਮੈਂ ਗੀਤਾਂ 'ਚ ਗੀਤ ਹੋ ਜਾਵਾਂਗੀ।

# ਸ਼ੰਕਰ ਗੀਤ

ਇਹ ਗੀਤ ਪਿਆਰੇ ਗੁਰੂ ਜੀ (ਸ੍ਰੀ ਸ੍ਰੀ ਰਵੀ ਸ਼ੰਕਰ ਜੀ) ਨੂੰ ਸਮਰਪਿਤ ਹੈ। ਜਿਹਨਾਂ ਨੇ ਮੈਨੂੰ ਜੀਵਨ ਜੀਣ ਦੀ ਕਲਾ ਸਿਖਾਈ ਹੈ।

ਵਿੰਭਿਨਤਾ 'ਚ ਮੈਂ
ਵਿਭਿੰਨਤਾ 'ਚ ਮੈਂ ਹਾਂ
ਮੈਂ ਹੀ ਹਾਂ
ਮੈਂ ਇੱਕ ਹੋ ਕੇ ਵੀ ਵਿਭਿੰਨ ਹਾਂ।
ਜਲ ਦੀ ਇਕ ਬੂੰਦ 'ਚ
ਸਾਗਰ ਦੀ ਵਿਸ਼ਾਲਤਾ 'ਚ
ਨਦੀਆਂ ਦੇ ਵਹਾਅ 'ਚ
ਝੀਲਾਂ ਦੇ ਠਹਿਰਾਵ 'ਚ
ਬਦਲਾਂ ਦੀ ਢਾਲ 'ਚ,
ਝਰਨਿਆਂ ਦੀ ਉਠਾਣ 'ਚ
ਬਾਰਿਸ਼ ਦੀ ਧਾਰ 'ਚ
ਮੈਂ ਹੀ ਹਾਂ।
ਮੈਂ ਇੱਕ ਹੋ ਕੇ ਵੀ ਵਿਭਿੰਨ ਹਾਂ।

ਹਵਾਵਾਂ ਦੀ ਠੰਡਕ
ਸੂਰਜ ਦੀ ਗਰਮੀ
ਹਿਲਦੇ ਹੋਏ ਪੱਤੇ
ਉੱਡਦੀ ਹੋਈ ਮਿੱਟੀ
ਝੂਮਦੇ ਖੇਤਾਂ 'ਚ
ਧੂੜ ਭਰੀਆਂ ਰਾਹਾਂ 'ਚ
ਆਤਮਾ ਦੇ ਹਿਲੋਰਿਆ 'ਚ
ਮੈਂ ਹੀ ਹਾਂ।
ਵਿੰਭਿਨਤਾ 'ਚ ਮੈਂ

ਵਿਭਿੰਨਤਾ 'ਚ ਮੈ ਹਾਂ
ਮੈਂ ਹੀ ਹਾਂ
ਮੈਂ ਇੱਕ ਹੋ ਕੇ ਵੀ ਵਿਭਿੰਨ ਹਾਂ।

ਅਕਾਸ਼ ਦੀ ਵਿਸ਼ਾਲਤਾ 'ਚ
ਪਾਤਾਲ ਦੀ ਗਹਿਰਾਈ 'ਚ
ਪੰਛੀਆਂ ਦੀ ਉਡਾਨ 'ਚ
ਤਿਤਲੀਆਂ ਦੀ ਚੰਚਲਤਾ 'ਚ
ਫੁੱਲਾਂ ਦੀ ਮੁਸਕਾਨ
ਤੇ ਭੰਵਰੇ ਦੀ ਗੂੰਜ
ਦੁਨੀਆ ਦੀ ਹਰ ਸੁੰਦਰਤਾ
'ਚ ਮੈਂ ਹੀ ਹਾਂ।

ਨਿਰਾਸ਼ਾਂ ਦਾ ਬਲ
ਆਸਾਂ ਦਾ ਫੁਲ
ਮਨ ਦੀ ਗਹਿਰਾਈ
ਨਮਨ ਦੀ ਉਚਾਈ
ਦ੍ਰਿਸ਼ਟਾਂ ਦੀ ਯੁਕਤੀ
ਸਮਾਧੀ 'ਚ ਮੁਕਤੀ
ਭਗਤਾਂ ਦੀ ਭਗਤੀ
ਸਕਸ਼ਮ ਦੀ ਸਕਤੀ
ਚ ਮੈਂ ਹੀ ਹਾਂ,
ਵਿਭਿੰਨਤਾ 'ਚ ਮੈਂ ਹਾਂ।

ਚੰਗਿਆਈ ਦੀ ਮਜ਼ਬੂਤੀ
ਕੱਚਿਆਂ ਦੀ ਕਮਜ਼ੋਰੀ
ਬੁਰਿਆਂ ਦੀਆਂ ਕਮੀਆਂ
ਪੱਕਿਆਂ ਦੀ ਕਾਬਲੀਅਤ 'ਚ
ਚੰਗਿਆਈ ਤੋਂ ਭੱਜਣ

ਬੁਰਾਈ ਤੇ ਠਹਿਰਣ
ਜੀਵਨ ਦੇ ਹਰ ਬੰਧਨ ਤੋਂ
ਮੁਕਤੀ 'ਚ ਮੈਂ ਹਾਂ
ਵਿਭਿੰਨਤਾ 'ਚ ਮੈਂ ਹਾਂ
ਮੈਂ ਹੀ ਹਾਂ।

ਇੱਛਾ ਸਕਤੀ 'ਚ
ਛੁਪੇ ਰਹਿਣ 'ਚ
ਕਰਮ ਸਕਤੀ 'ਚ
ਕਾਰਜ ਹੋਣ ਦੇ ਮਕਸਦ 'ਚ
ਗਿਆਨ ਸਕਤੀ 'ਚ
ਸ਼ਿਸ਼ਯ ਦੇ ਦਿਲ 'ਚ
ਵਿਸਰਮ 'ਚ ਮੈਂ ਹਾਂ।
ਮੈਂ ਹੀ ਹਾਂ ,
ਵਿਭਿੰਨਤਾ ਮੈਂ ਹੀ ਹਾਂ।

ਮਾਇਆਂ ਦੇ ਭੇਤਾਂ 'ਚ
ਵੱਖ ਵੱਖ ਰੰਗਾਂ 'ਚ
ਕਲਾ ਦੇ ਬੰਧਨ 'ਚ
ਵਿਦਿਆ ਦੇ ਸਦ 'ਚ
ਲਕਸ਼ 'ਚ ਪਾਉਣ ਦੀ ਜਿੱਦ 'ਚ
ਵਕਤ ਦੀ ਖੇਡ 'ਚ
ਮੈਂ ਹੀ ਹਾਂ
ਵਿਭਿੰਨਤਾ 'ਚ ਮੈਂ ਹਾਂ
ਮੈਂ ਹੀ ਤਾਂ ਹਾਂ।

ਰਿਧੀ ਦੀ ਅਸੀਮਤਾ 'ਚ
ਗੁਣਾਂ ਦੇ ਭੰਡਾਰ 'ਚ
ਸਕਤੀਆਂ ਦੇ ਮੋਨ 'ਚ

ਅੰਤਰ ਸਥਾਪਿਤ ਤੱਤਵ 'ਚ
ਸਿਧੀ ਦੇ ਹੋਣ ਤੋਂ
ਸਿਧਾਂ ਦੀ ਬੁੱਧੀ 'ਚ
ਵਿਸ਼ਵ ਦੇ ਵਿਕਾਸ 'ਚ ਮੈਂ ਹੀ ਹਾਂ।
ਵਿਭਿੰਨਤਾ 'ਚ ਮੈਂ ਹੀ ਹਾਂ,
ਮੈਂ ਹੀ ਹਾਂ।

ਲਾਲ ਰੰਗ 'ਚ ਮੈਂ ਹਾਂ
ਪੀਲੇ 'ਚ ਤੇ ਨੀਲੇ 'ਚ ਵੀ
ਹਰ ਰੰਗੋਲੀ 'ਚ ਮੈਂ ਹਾਂ।
ਇੰਦਰ ਧਨੁੱਸ ਦੀ ਅਦਭੁਦਤਾ 'ਚ
ਸਫੇਦੀ ਦੀ ਸੱਤਾ 'ਚ
ਰੰਗ ਰੰਗ 'ਚ ਮੈ ਹਾਂ
ਮੈਂ ਹੀ ਹਾਂ
ਮੈਂ ਸ਼ਿਵ ਹਾਂ।

ਮਾਂ ਦੇ ਗਰਭ 'ਚ
ਸੂਦਰ ਪੈਦਾ ਹੋਣ 'ਚ
ਖ਼ੁਦ 'ਚ ਢਿੱਡ ਭਰਨ 'ਚ
ਵੈਸ਼ਯ ਦੇ ਅਸਤਿਤਵ 'ਚ
ਦੁਸਰਿਆ ਲਈ ਲੜਨ ਵਾਲਾ
ਕਸ਼ਤਰੀਆਂ ਮੈਂ ਹੋ ਜਾਂਦਾ
ਸਰਬਤ ਦੇ ਭਲੇ ਲਈ ਖ਼ੁਦ ਨੂੰ
ਭੁੱਲਣ ਵਾਲਾ ਬ੍ਰਾਹਮਣ ਮੈਂ ਹਾਂ
ਮੈਂ ਹੀ ਤਾਂ ਹਾਂ।

ਮੈਂ ਵਿਭਿੰਨਤਾ ਇਸ ਲਈ ਦੇਖਦਾ ਹਾਂ
ਤਾਂ ਕਿ ਉਸਨੂੰ ਇੱਕ ਕਰ ਸਕਾਂ।
ਬੁੱਧੀ ਦੀ ਕਿਸ਼ਤੀ 'ਚ

ਅਵਿਚਿਲਤ ਜਿਹਾ
ਨਿਰਮਲ ਜਿਹਾ
ਮੈਂ ਹੀ ਹਾਂ।

ਤੇ ਭਾਵਾਂ ਦੇ ਸਮੁੰਦਰ ’ਚ
ਡੁੱਬਦਾ ਹੋਇਆ ਸਮਾਧੀ ’ਚ
ਸਥਿਰ ਬੁੱਧ ਮੈਂ ਹੀ ਤਾਂ ਹਾਂ
ਵਿੰਭਿਨਤਾ ’ਚ ਮੈਂ ਹਾਂ
ਮੈਂ ਹੀ ਤਾਂ ਹਾਂ।

ਮਾਇਆ ’ਚ ਮੈਂ ਹਾਂ
ਪਰ ਮਾਇਆ ’ਚ ਮੈਂ ਹਾਂ
ਦਿਵਯ ਮਾਇਆ ’ਚ ਮੈਂ ਹਾਂ
ਮਹਾਂ ਮਾਇਆ ’ਚ ਮੈਂ ਹਾਂ।
ਮੈਂ ਕਰਦਾ ਹਾਂ ਸਥਾਪਿਤ
ਹਰ ਆਤਮਾਂ ’ਚ ਖੁਦ ਨੂੰ
ਸ਼ੁਧ ਚੇਤਨ ਤੋਂ ਅਦਵੈਤ ਪਰਮਾਤਮਾ ਮੈਂ ਹੀ ਹਾਂ
ਮੈਂ ਹੀ ਤਾਂ ਹਾਂ।

ਸਹਿਜਤਾ ਦੀ ਕਮੀ ’ਚ
ਆਤਮੀਅਤਾ ਦੀ ਕਮੀ ’ਚ ਮੈਂ ਨਹੀਂ
ਪਰ ਇਸ ਤੋਂ ਉਤਪੰਨ ਸੁੰਦਰ ਅਹੰਕਾਰ ’ਚ ਮੈਂ ਹਾਂ
ਸਰਵਸਰੇਸ਼ਠਤਾ ਦੇ ਅਹੰਕਾਰ ’ਚ
ਗੁਣਾਂ ਦੀ ਕਮੀ ਦੇ ਤਨਾਅ ’ਚ
ਕਾਰਜ ਦੇ ਕਰਤਾਪਨ ਦੇ ਸੁਭਾਅ ’ਚ
ਸਰਿਸ਼ਟੀ ਦੇ ਸੁਧ ਅਹੰਕਾਰ ’ਚ ਮੈਂ ਹਾਂ
ਮੈਂ ਹੀ ਤਾਂ ਹਾਂ।

ਚੰਗੇ ਭਾਵ ਚੰਗੇ ਕਾਰਜ
ਤੇ ਚੰਗੀ ਵਾਣੀ ਦਾ ਜੋੜ ਮੈਂ ਹਾਂ
ਇਨਸਾਨ ਦੀ ਸ਼ਕਸਮਤਾ 'ਚ
ਇਹਨਾਂ ਦਾ ਤੋੜ ਮੈਂ ਹਾਂ
ਭਾਵ ਬਿਨ ਕਾਰਜ ਕਾਰਜ ਬਿਨ
ਵਾਣੀ ਤੇ ਵਾਣੀ ਬਿਨ ਭਾਵਨਾ
ਤੋਂ ਉਠਣ ਵਾਲੀ ਮਨ ਦੀ
ਹਲਚਲ ਮੈਂ ਹੀ ਹਾਂ
ਮੈਂ ਹੀ ਤਾਂ ਹਾਂ।

ਮੈਨੂੰ ਦੁੱਖ ਦੇਣ ਵਾਲੇ ਨੂੰ
ਮੈਂ ਦਿਲ ਭਰ ਕੇ ਦੁਆ ਦਿੰਦਾ ਹਾਂ
ਗੁਰੂ ਸਿਖਿਆ ਧਾਰਨ ਕਰ
ਮਨ ਮੁਕਤ ਰਖਣ ਵਾਲਾ ਮੈਂ ਹਾਂ।
ਵਿਰੋਧੀ ਨੂੰ ਵੀ ਸਬਕ ਸਿਖਾਉਣ
ਵਾਲਾ ਮਿੱਤਰ ਮੈਂ ਹਾਂ
ਗੁਰੂ ਦੀ ਕਰੁਣਾ ਮੈਂ ਹੀ ਹਾਂ
ਮੈਂ ਹੀ ਤਾਂ ਹਾਂ।

ਮਨ ਦੇ ਅੰਦਰ ਉਤਪੰਨ
ਅਧਿਆਤਮਿਕਤਾ 'ਚ ਮੈਂ ਹਾਂ
ਬਾਹਰੀ ਦੁਨੀਆ ਦੀ
ਚਕਾਚੌਂਧ ਰੌਸਨੀ ਮੈਂ ਹਾਂ
ਤੇ ਸੰਸਾਰ ਦੇ ਵਿਕਾਸ
ਦਾ ਸੂਤਰਧਾਰ ਮੈਂ ਹਾਂ
ਹਰ ਅਰਜੁਨ ਦੇ ਮਨ ਦਾ
ਵਿਕਾਸ ਮੈਂ ਹੀ ਹਾਂ
ਮੈਂ ਹੀ ਤਾਂ ਹਾਂ

ਅਨੁਸ਼ਾਸਨ ਦੀ ਡੋਰ 'ਚ ਬਈ
ਜੀਵਨ ਦੀ ਪਤੰਗ ਮੈਂ ਹਾਂ
ਅਨੁਸ਼ਾਸਨ ਦੇ ਰਸ ਨੂੰ
ਪੀਣ ਤੇ ਪਿਉਣ ਵਾਲਾ ਮੈਂ ਹਾਂ
ਵਿਗੜੇ ਹੋਏ ਵਕਤਾਂ ਨੂੰ
ਅਨੁਸ਼ਾਸਨ ਸਿਖਾਉਣ ਵਾਲਾ
ਮੈਂ ਹੀ ਹਾਂ
ਮੈਂ ਹੀ ਤਾਂ ਹਾਂ।

ਇਨਸਾਨ ਨੂੰ ਆਤਮਾ ਦੇ
ਗੁਰੂ ਰੂਪ ਦਾ ਬੋਧ ਕਰਾਉਣ ਵਾਲਾ
ਆਤਮਾ ਦੇ ਗੁਣਾਂ 'ਚ
ਸਰੀਰਕ ਢਾਂਚੇ 'ਚ ਢਾਲਣ ਵਾਲਾ
ਲੱਖਾਂ ਜਨਮਾਂ ਦੇ ਬਾਅਦ
ਸਰੀਰ 'ਚ ਆਤਮਾ ਗਿਆਨ
ਕਰਾਉਣ ਵਾਲਾ ਮੈਂ ਹਾਂ
ਮੈਂ ਹੀ ਤਾਂ ਆਤਮਾ ਹਾਂ।

ਚਾਰ ਵੇਦਾਂ ਦਾ
ਸਮਰਥ ਮੈਂ ਹਾਂ
ਬੁੱਧ 'ਚ ਸ਼ਾਤੀਰੂਪ
ਮੌਕਸ਼ 'ਚ ਮੈਂ ਹਾਂ
ਵੇਦਾਂ 'ਚ ਜੀਵਨ ਦਾ
ਭੇਦ ਮੈਂ ਹਾਂ
ਮੈਂ ਬੁੱਧੀ ਵੇਦ ਹਾਂ
ਮੈਂ ਹੀ ਤਾਂ ਹਾਂ।

ਵਿਭਿੰਨਤਾ 'ਚ ਰਚਦਾ ਹਾਂ
ਵਿਭਿੰਨਤਾ 'ਚ ਲਿਖਦਾ ਹਾਂ

ਵਿਭਿੰਨਤਾ 'ਚ ਕਰਦਾ ਹਾਂ
ਵਿਭਿੰਨਤਾ 'ਚ ਸੁਣਦਾ ਹਾਂ
ਵਿਭਿੰਨਤਾ 'ਚ ਦੇਖਦਾ ਹਾਂ
ਵਿਭਿੰਨਤਾ 'ਚ ਸੋਚਦਾ ਹਾਂ
ਫਿਰ ਵੀ ਮੈਂ ਇੱਕ ਹੀ ਹਾਂ
ਮੈਂ ਇੱਕ ਤੇ ਇੱਕ ਹੀ ਹਾਂ।